ੴ ਸਤਿਗੁਰ ਪ੍ਰਸਾਦਿ ॥

# ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਾਤਾਵਰਨ


ਲੇਖਕ

ਐਡਵੋਕੇਟ ਸੁਖਬੀਰ ਸਿੰਘ ਪੰਨਵਾਂ



ਪ੍ਰਕਾਸ਼ਕ :

**ਡਾ. ਇੰਦਰਜੀਤ ਕੌਰ,**

**ਪ੍ਰਧਾਨ**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, (ਰਜਿ.)

ਅੰਮ੍ਰਿਤਸਰ।





# ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਾਤਾਵਰਨ



ਲੇਖਕ :

**ਐਡਵੋਕੇਟ ਸੁਖਬੀਰ ਸਿੰਘ ਪੰਨਵਾਂ**

ad.sssothi78@gmail.com

advocatepanwan@yahoo.com

ਮੋ: 9914002060



ਪਹਿਲਾ ਐਡੀਸ਼ਨ- ਫ਼ਰਵਰੀ, 2020

ਪਹਿਲੀ ਵਾਰ :- 10,000

ਪ੍ਰਕਾਸ਼ਕ

**ਡਾ. ਇੰਦਰਜੀਤ ਕੌਰ,**

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, (ਰਜਿ.)

ਅੰਮ੍ਰਿਤਸਰ।

Email : pingalwara57@gmail.com

Website : www.pingalwara.org

ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,

ਪਿੰਗਲਵਾੜਾ ਬਿਲਡਿੰਗਜ਼ (ਮਾਨਾਂਵਾਲਾ ਕੰਪਲੈਕਸ) ਜੀ. ਟੀ. ਰੋਡ,

ਅੰਮ੍ਰਿਤਸਰ ।

ਫ਼ੋਨ ਨੰ: 0183-2584586, 258473

ਸਮਰਪਣ ਸਤਿਕਾਰਯੋਗ ਮਾਤਾ
ਸਰਦਾਰਨੀ ਹਰਭਜਨ ਕੌਰ ਜੀ ਅਤੇ
ਪਿਤਾ ਸਰਦਾਰ ਗੁਰਦੀਪ ਸਿੰਘ ਜੀ
ਜਿਨ੍ਹਾਂ ਨੇ ਸਖ਼ਤ ਘਾਲਣਾ ਘਾਲ ਕਲਮ
ਫੜਨ ਯੋਗ ਕੀਤਾ ਅਤੇ ਸਮੂਹ
ਵਾਤਾਵਰਨ ਪ੍ਰੇਮੀਆਂ ਨੂੰ



## ਦੋ-ਸ਼ਬਦ

**ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥ ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ॥ ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥ ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥**

(ਅੰਗ ੯੨੨)

ਜਦੋਂ ਇਨਸਾਨ ਦੇ ਹਿਰਦੇ ਵਿੱਚ ਪਰਮਾਤਮਾ ਦੀ ਜੋਤ ਵੱਸ ਜਾਂਦੀ ਹੈ ਤਾਂ ਉਸਨੂੰ ਹਰ ਪਾਸੇ ਹੀ ਉਸਦੀ ਹੋਂਦ ਦਾ ਅਹਿਸਾਸ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:

**ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**

ਰਚਨਹਾਰੇ ਨੇ ਕਿੰਨਾ ਸੁਹਣਾ ਇਹ ਸੰਸਾਰ ਰਚਿਆ ਹੈ—ਕਿਤੇ ਪਹਾੜ ਹਨ, ਕਿਤੇ ਸਮੁੰਦਰ, ਕਿਤੇ ਹਰਿਆਵਲ, ਕਿਤੇ ਚਸ਼ਮੇ ਅਤੇ ਕਿਤੇ ਮਾਰੂਥਲ; ਜੇ ਆਕਾਸ਼ ਵੱਲ ਝਾਤੀ ਮਾਰੋ ਤਾਂ ਚੰਦ, ਤਾਰੇ, ਕਿਤੇ ਬੱਦਲ ਅਤੇ ਕਿਤੇ ਵਰਦਾ ਮੀਂਹ ਅਤੇ ਕਿਤੇ ਪੈਂਦੀ ਬਰਫ਼। ਇਹ ਸਾਰਾ ਕੁਝ ਬਹੁਤ ਅਦਭੁਤ ਹੈ। ਇਨਸਾਨ ਸੋਚਦਾ ਹੈ ਕਿ ਮੈਂ ਹੀ ਸਭ ਤੋਂ ਸਿਆਣਾ ਹਾਂ। ਪਰ ਇਸਨੂੰ ਇਹ ਨਹੀਂ ਪਤਾ ਕਿ ਰਚਨਹਾਰੇ ਨੇ ਪੰਛੀਆਂ ਨੂੰ ਵੀ ਘਰ ਬਣਾਉਣ ਦੀ ਜਾਚ ਸਿਖਾਈ ਹੈ, ਪਸ਼ੂ, ਪੰਛੀ ਵੀ ਆਪਣੇ ਬੱਚੇ ਪਾਲਦੇ ਹਨ। ਵਾਹਿਗੁਰੂ ਨੇ ਕਿੰਨੀਆਂ ਦਾਤਾਂ ਮੁਫ਼ਤ ਵਿੱਚ ਦਿੱਤੀਆਂ ਹਨ।

ਉਸ ਰਚਨਹਾਰੇ ਨੇ ਧਰਤੀ, ਪਾਣੀ, ਹਵਾ ਜੋ ਕਿ ਜੀਵਨ ਦਾ ਅਧਾਰ ਹਨ, ਜਿਸ ਨੂੰ ਸੰਭਾਲਣ ਲਈ ਗੁਰੂ ਨਾਨਕ ਦੇਵ ਜੀ ਨੇ ਪਵਣ ਨੂੰ ਗੁਰੂ, ਪਾਣੀ ਨੂੰ ਪਿਤਾ ਅਤੇ ਧਰਤੀ ਨੂੰ ਮਾਤਾ ਕਹਿ ਕੇ ਸਨਮਾਨਿਆ ਹੈ। ਉਹਨਾਂ ਨੇ ਇਕ ਤਰ੍ਹਾਂ ਨਾਲ ਇਨਸਾਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਅਸੀਂ ਲੋਕ ਇਸ ਦੀ ਮਹੱਤਤਾ ਨੂੰ ਨਾ ਸਮਝ ਕੇ ਮੰਤਰ ਦੀ ਤਰ੍ਹਾਂ ਪੜ੍ਹਨਾ ਸ਼ੁਰੂ ਕਰ ਦਿੱਤਾ ਹੈ। ਸਾਡੇ ਪੂਰਵਜ ਕੁਦਰਤ ਦੇ ਨੇੜੇ ਰਹਿੰਦੇ ਸਨ, ਉਸਨੂੰ ਪਿਆਰ ਕਰਦੇ ਸਨ। ਅਕਾਲ ਪੁਰਖ ਦੀਆਂ ਦਾਤਾਂ ਦਾ ਸਨਮਾਨ ਕਰਦੇ ਸਨ। ਇਸ ਲਈ ਗੰਗਾ ਦੀ ਪੂਜਾ ਕੀਤੀ ਜਾਂਦੀ ਸੀ, ਸੂਰਜ ਦੀ ਪੂਜਾ ਕੀਤੀ ਜਾਂਦੀ ਸੀ ।

ਪਾਣੀ ਨੂੰ ਬਚਾਉਣ ਲਈ ਤਲਾਬ ਅਤੇ ਬਾਉਲੀਆਂ ਬਣਾਈਆਂ ਜਾਂਦੀਆਂ ਸਨ। ਇਹ ਕੁਦਰਤੀ ਤਰੀਕਾ ਸੀ ਪਾਣੀ ਨੂੰ ਧਰਤੀ ਵਿੱਚ ਭੇਜਣ ਦਾ। ਕੁਦਰਤ ਇਸਨੂੰ ਸਾਫ਼ ਕਰਕੇ ਚਸ਼ਮਿਆਂ ਦੇ ਰੂਪ ਵਿੱਚ ਅਤੇ ਖੂਹਾਂ ਦੇ ਰੂਪ ਵਿੱਚ ਸਾਨੂੰ ਅੰਮ੍ਰਿਤ ਵਰਗਾ ਪਾਣੀ ਬਖ਼ਸ਼ਦੀ ਸੀ। ਇਨਸਾਨ ਨੇ

ਆਪਣੇ ਦਿਮਾਗ਼ ਦੀ ਗ਼ਲਤ ਵਰਤੋਂ ਕਰਕੇ ਕੁਦਰਤ ਦੀਆਂ ਸਭ ਦਾਤਾਂ ਦਾ ਸਨਮਾਨ ਕਰਨਾ ਬੰਦ ਕਰ ਦਿੱਤਾ । ਕਹਿੰਦੇ ਹਨ ਮੁਫ਼ਤ ਵਿੱਚ ਮਿਲੀ ਚੀਜ਼ ਦੀ ਕਦਰ ਨਹੀਂ ਹੁੰਦੀ । ਸੋ, ਇਨਸਾਨ ਨੇ ਕੁਦਰਤੀ ਦਾਤਾਂ ਦਾ ਤਰੱਕੀ ਦੇ ਨਾਮ 'ਤੇ ਵਿਨਾਸ਼ ਕਰ ਦਿੱਤਾ । ਹੁਣ ਕੁਝ ਲੋਕਾਂ ਨੂੰ ਵਾਹਿਗੁਰੂ ਨੇ ਸੋਝੀ ਬਖ਼ਸ਼ੀ ਹੈ ਕਿਉਂਕਿ ਕੈਂਸਰ ਤੇ ਹੈਪੇਟਾਈਟਸ ਵਰਗੀਆਂ ਬੀਮਾਰੀਆਂ ਫੈਲਣ ਲੱਗੀਆਂ ਹਨ। ਗ਼ੰਦਗੀ ਵਿੱਚੋਂ ਅਜੀਬ ਕਿਸਮ ਦੇ ਕੀਟਾਣੂ ਪੈਦਾ ਹੋ ਰਹੇ ਹਨ। ਬੱਚੇ ਮੰਦ-ਬੁੱਧੀ ਅਤੇ ਅੰਗਹੀਣ ਪੈਦਾ ਹੋ ਰਹੇ ਹਨ।

ਗੁਰੂ ਨਾਨਕ ਦੇਵ ਜੀ ਨੇ 550 ਸਾਲ ਪਹਿਲਾਂ ਹੀ ਕੁਦਰਤ ਨੂੰ ਪਿਆਰ ਕਰਨਾ ਸਿਖਾਇਆ ਹੈ। ਉਹਨਾਂ ਦੀ ਅਤੇ ਹੋਰ ਗੁਰੂ ਸਾਹਿਬਾਂ ਦੀ ਬਾਣੀ ਨੇ ਸਾਨੂੰ ਕੁਦਰਤ ਵਿੱਚੋਂ ਉਦਾਹਰਣ ਦੇ ਕੇ ਸੁਚੱਜੇ ਜੀਵਨ ਦੀ ਜਾਚ ਸਿਖਾਈ ਹੈ। ਸ੍ਰ: ਸੁਖਬੀਰ ਸਿੰਘ ਪੰਨਵਾਂ ਐਡਵੋਕੇਟ ਨੇ ਬੜੀ ਮਿਹਨਤ ਕਰਕੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਵਸ ਉੱਤੇ **"ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਵਾਤਾਵਰਨ"** ਕਿਤਾਬ ਬਹੁਤ ਵਧੀਆ ਲਿਖੀ ਹੈ । ਗੁਰਸਿੱਖ ਪਰਿਵਾਰ ਵਿੱਚ ਪੈਦਾ ਹੋਣ ਕਰਕੇ ਉਹ ਗੁਰਬਾਣੀ ਦੀ ਬਹੁਤ ਸੋਝੀ ਰਖਦੇ ਹਨ। ਵਾਤਾਵਰਨ ਪ੍ਰੇਮੀ ਹੋਣ ਕਰਕੇ ਉਨ੍ਹਾਂ ਨੇ OWN (Our World Need) ਨਾਮ ਦੀ ਸੰਸਥਾ ਬਣਾਈ ਹੈ। ਆਪਣੇ ਸਾਥੀਆਂ ਨਾਲ ਮਿਲ ਕੇ ਪੌਦੇ ਲਾਉਂਦੇ ਅਤੇ ਪਾਲਣ ਦਾ ਪ੍ਰਬੰਧ ਕਰਦੇ ਹਨ।

ਭਗਤ ਪੂਰਨ ਸਿੰਘ ਪ੍ਰਤੀ ਅਥਾਹ ਸ਼ਰਧਾ ਅਤੇ ਪਿਆਰ-ਸਤਿਕਾਰ ਵੀ ਰੱਖਦੇ ਹਨ। ਇਸ ਕਰਕੇ ਇਸ ਲਿਖਤ ਨੂੰ ਪ੍ਰਕਾਸ਼ਿਤ ਕਰਨ ਦਾ ਉਪਰਾਲਾ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਕਰ ਰਹੀ ਹੈ। ਮੈਂ ਇਸ ਕਾਰਜ ਲਈ ਐਡਵੋਕੇਟ ਸੁਖਬੀਰ ਸਿੰਘ ਪੰਨਵਾਂ ਨੂੰ ਮੁਬਾਰਕਬਾਦ ਦਿੰਦੀ ਹੋਈ ਅਕਾਲ ਪੁਰਖ ਅੱਗੇ ਅਰਦਾਸ ਕਰਦੀ ਹਾਂ ਕਿ ਉਹ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਲਈ ਕਲਮ ਰਾਹੀਂ ਸੇਵਾ ਕਰਦੇ ਹੋਏ ਵਾਤਾਵਰਨ ਸਾਂਭ-ਸੰਭਾਲ ਲਈ ਹਮੇਸ਼ਾਂ ਯਤਨਸ਼ੀਲ ਰਹਿਣ। ਮੈਨੂੰ ਪੂਰਨ ਭਰੋਸਾ ਹੈ ਕਿ ਇਹ ਲਿਖਤ ਪਾਠਕਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਗੁਰਬਾਣੀ ਅੰਦਰ ਵਾਤਾਵਰਨ ਸੰਭਾਲ ਸੰਬੰਧੀ ਪ੍ਰੇਰਣਾਵਾਂ ਦੀ ਬੁਨਿਆਦੀ ਸਮਝ ਪ੍ਰਦਾਨ ਕਰੇਗੀ। ਆਸ ਕਰਦੀ ਹਾਂ ਕਿ ਪਾਠਕ ਇਸ ਕਿਤਾਬਚੇ ਦਾ ਭਰਪੂਰ ਲਾਹਾ ਲੈ ਸਕਣਗੇ।

ਸੰਗਤਾਂ ਦਾ ਬਹੁਤ-ਬਹੁਤ ਧੰਨਵਾਦ ਜੋ ਕਿ ਮਾਇਆ ਦੇ ਗੱਫੇ ਭੇਜ ਕੇ ਪਿੰਗਲਵਾੜੇ ਨੂੰ ਇਸ ਸਮੱਰਥ ਬਣਾਉਂਦੇ ਹਨ ਕਿ ਉਹ ਇਹੋ ਜਿਹੀਆਂ ਕਿਤਾਬਾਂ ਛਾਪ ਕੇ ਲੋਕਾਈ ਵਿੱਚ ਭੇਟਾ ਰਹਿਤ ਵੰਡ ਕੇ ਚੇਤਨਾ ਪੈਦਾ ਕਰਦੇ ਰਹਿੰਦੇ ਹਨ ।

**ਡਾ. ਇੰਦਰਜੀਤ ਕੌਰ**
ਮੁੱਖ ਸੇਵਾਦਾਰ,
ਪਿੰਗਲਵਾੜਾ ਸੰਸਥਾ, ਅੰਮ੍ਰਿਤਸਰ ।



## ਪ੍ਰਸਤਾਵਨਾ

ਕਾਦਰ ਦੀ ਕੁਦਰਤ ਦੇ ਝਲਕਾਰੇ ਨੂੰ ਮਹਿਸੂਸਣਾ ਹੀ ਅਕਾਲਪੁਰਖ ਦੀ ਨੇੜਤਾ ਹਾਸਲ ਕਰਨਾ ਹੈ। ਗੁਰਬਾਣੀ ਦਾ ਵਿਸ਼ਵਵਿਆਪੀ ਕਲਾਵਾ ਜਿੱਥੇ ਬ੍ਰਹਿਮੰਡੀ ਗਿਆਨ ਭਰਪੂਰ ਹੈ ਉੱਥੇ ਸਾਨੂੰ ਸਮਾਜਿਕ ਜੀਵਨ ਸੇਧਾਂ ਵੀ ਦਿੰਦਾ ਹੈ। ਗੁਰੂ ਸਾਹਿਬਾਨ ਜੀ ਦੇ ਬਖਸ਼ੇ ਵਡਮੁੱਲੇ ਖ਼ਜ਼ਾਨੇ ਨੂੰ ਪੜ੍ਹਨ, ਸਮਝਣ, ਅਮਲ ਵਿੱਚ ਲਿਆਉਣ ਵਾਲਾ ਜੀਵਨ ਨੂੰ ਸੌਖਾ ਕਰ ਲੈਂਦਾ ਹੈ।ਜ਼ਿੰਦਗੀ ਦੇ ਹਰ ਪਹਿਲੂ ਦਾ ਗਿਆਨ ਅਤੇ ਬਿਬੇਕ ਬੁੱਧ ਗੁਰਬਾਣੀ ਤੋਂ ਹੀ ਪ੍ਰਾਪਤ ਹੁੰਦੀ ਹੈ।ਗੁਰੂ ਨਾਨਕ ਦੇਵ ਜੀ ਨੇ ਅਕਾਲਪੁਰਖ ਨਾਲ ਅਭੇਦਤਾ ਹਾਸਲ ਕਰਨ ਲਈ ਕੁਦਰਤ ਨਾਲ ਪਿਆਰ ਤੇ ਰੱਬੀ ਕਿਰਤਾਂ ਨੂੰ ਦੁਲਾਰਨਾ ਦੱਸਿਆ ਹੈ। ਵਾਹਿਗੁਰੂ ਜੀ ਦੀਆਂ ਬਖ਼ਸ਼ੀਆਂ ਦਾਤਾਂ ਹਵਾ, ਪਾਣੀ, ਧਰਤੀ, ਬਨਸਪਤੀ ਆਦਿ ਸਾਡੇ ਜੀਵਨ ਨੂੰ ਸੰਭਵ ਅਤੇ ਸੌਖਾ ਬਣਾਉਂਦੇ ਹਨ।ਗੁਰੂ ਨਾਨਕ ਦੇਵ ਜੀ ਨੇ ਸਾਨੂੰ ਬਾਣੀ ਅੰਦਰ ਵਾਰ-ਵਾਰ ਰੁੱਖਾਂ-ਬੂਟਿਆਂ, ਫੁੱਲ-ਫਲਾਂ ਨਾਲ ਪਿਆਰ, ਚੰਗੀ ਖੇਤੀ ਅਤੇ ਚੰਗੀ ਖ਼ੁਰਾਕ ਖਾਣ ਅਤੇ ਸਾਦਾ ਪਹਿਨਣ ਦੀ ਤਾਕੀਦ ਕੀਤੀ ਹੈ ਅਤੇ ਚੰਗੀ ਜੀਵਨ-ਜਾਚ ਦਿੱਤੀ ਹੈ ਜੋ ਸਾਨੂੰ ਮਜ਼ਬੂਤ ਤੇ ਸਿਹਤਮੰਦ ਬਣਾਉਂਦੀ ਹੈ। ਅੱਜ ਮਨੁੱਖਤਾ ਵਾਤਾਵਰਨ ਸਮੱਸਿਆ ਨਾਲ ਦੋ-ਚਾਰ ਹੋ ਰਹੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਅੱਜ ਵੀ ਸਾਨੂੰ ਵਾਤਾਵਰਨ ਨਾਲ ਪ੍ਰੇਮ ਅਤੇ ਸਾਂਭ-ਸੰਭਾਲ ਲਈ ਪ੍ਰੇਰਣਾ ਦਿੰਦੀ ਹੈ ਜੋ ਇਸ ਮੰਦਹਾਲੇ ਸਮੇਂ ਵਿਸ਼ਵ-ਪੱਧਰ 'ਤੇ ਸਾਡੀ ਅਗਵਾਈ ਲਈ ਸਹਾਇਕ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦੀ ਬਾਣੀ ਪੈਰ-ਪੈਰ 'ਤੇ ਕੁਦਰਤੀ ਸਰੋਤਾਂ ਦੀ ਅਹਿਮੀਅਤ ਬਾਰੇ ਸਮਝਾਉਂਦੀ ਹੈ ਕਿ ਇਨ੍ਹਾਂ ਦੀ ਸੰਭਾਲ ਕਿਉਂ ਜ਼ਰੂਰੀ ਹੈ? ਕੁਦਰਤੀ ਦਾਤਾਂ ਨੂੰ ਸੋਚ ਸਮਝ ਕੇ ਵਰਤੀਏ ਨਾ ਕਿ ਅੰਨ੍ਹੇਵਾਹ ਬੇਕਿਰਕੀ ਨਾਲ ਵਰਤੋਂ ਕਰੀਏ। ਵਾਤਾਵਰਨ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਬੌਧਿਕ ਖ਼ਜ਼ਾਨੇ ਦੀ ਵਰਤੋਂ ਕਰ ਆਪਣਾ ਫ਼ਰਜ਼ ਨਿਭਾਈਏ।ਸਾਨੂੰ ਵਾਤਾਵਰਨ ਦੀ ਪ੍ਰਫੁੱਲਤਾ ਲਈ ਗੰਭੀਰਤਾ ਨਾਲ ਯਤਨਸ਼ੀਲ ਹੋਣਾ ਚਾਹੀਦਾ ਹੈ। ਵਾਤਾਵਰਨ ਪ੍ਰਤੀ ਅਣਦੇਖੀ ਅਤੇ ਅਣਗਹਿਲੀ ਵਰਗੀਆਂ ਬੱਜਰ ਗ਼ਲਤੀਆਂ ਪ੍ਰਤੀ ਅਹਿਸਾਸ ਕਰੀਏ ਤਦ ਹੀ ਅਸੀਂ ਆਉਣ ਵਾਲੀਆਂ ਪੀੜ੍ਹੀਆਂ/ ਨਸਲਾਂ ਨੂੰ ਜੀਵਨ ਜਿਊਣ ਜੋਗਾ ਛੱਡ ਕੇ ਜਾਵਾਂਗੇ। ਅਖੌਤੀ ਤਰੱਕੀ ਤੇ ਦੁਨਿਆਵੀ ਥੋੜ੍ਹ-ਚਿਰੇ ਸੁੱਖਾਂ ਨੇ ਸਾਡੇ ਬੱਚਿਆਂ ਦੇ ਸਾਹ ਔਖੇ ਕਰ ਦੇਣੇ ਹਨ, ਜੇ ਅਸੀਂ ਸਮੇਂ ਦੀ ਨਜ਼ਾਕਤ ਨਾ ਸਮਝੇ। ਬਨਸਪਤੀ ਨਾਲ ਪਿਆਰ ਅਤੇ ਬੂਟਿਆਂ ਦੀ

ਸਾਂਭ-ਸੰਭਾਲ ਦੀ ਸੋਝੀ ਗੁਰਬਾਣੀ ਅੰਦਰੋਂ ਹੀ ਪ੍ਰਾਪਤ ਹੋਈ ਹੈ। ਆਲੇ-ਦੁਆਲੇ ਦਰਪੇਸ਼ ਚੁਣੌਤੀਆਂ ਤੋਂ ਗੁਰਬਾਣੀ ਨਿਜਾਤ ਦਿਵਾਉਣ ਲਈ ਸਹਾਈ ਹੈ।ਇਸ ਲਈ ਵਾਤਾਵਰਨ ਦੀ ਸੰਭਾਲ ਲਈ ਯਥਾਸ਼ਕਤ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ ਸੀ। ਚਿਰੋਕਣੀ ਇੱਛਾ ਸੀ ਕਿ ਜੋ ਪ੍ਰੇਰਣਾ ਗੁਰਬਾਣੀ ਅੰਦਰੋਂ ਕੁਦਰਤੀ ਸਾਂਭ-ਸੰਭਾਲ ਲਈ ਪ੍ਰਾਪਤ ਕੀਤੀ ਹੈ।ਇਸ ਨੂੰ ਲਿਖਤ ਰੂਪ ਵਿੱਚ ਸੰਗਤਾਂ ਦੇ ਸਨਮੁੱਖ ਰੱਖ ਸਕਾਂ। ਇਸ ਕਾਰਜ ਨੂੰ ਅਕਾਲਪੁਰਖ ਜੀ ਦੀ ਰਹਿਮਤ ਸਦਕਾ ਹੀ ਨੇਪਰੇ ਚਾੜਨ ਯੋਗ ਹੋਇਆ ਹਾਂ।ਸੇਵਾ ਦੇ ਪੁੰਜ ਭਗਤ ਪੂਰਨ ਸਿੰਘ ਜੀ ਦੀ ਸ਼ਖ਼ਸੀਅਤ ਨੂੰ ਹਮੇਸ਼ਾਂ ਹੀ ਸਿਜਦਾ ਰਿਹਾ ਹੈ, ਜਿਨ੍ਹਾਂ ਦੀ ਸੋਚ ਨੇ ਇੰਨੀ ਵੱਡੀ ਸੰਸਥਾ ਨੂੰ ਜਨਮ ਦਿੱਤਾ ਜੋ ਵਾਤਾਵਰਨ ਸੰਭਾਲ ਲਈ ਲਹਿਰ ਦਾ ਰੂਪ ਧਾਰਨ ਕਰ ਗਈ। ਪ੍ਰਿੰਸੀਪਲ ਡਾ. ਸ਼ਮਸ਼ੇਰ ਸਿੰਘ ਜੀ ਨੇ ਨਾਚੀਜ ਦੀ ਕਲਮ ਨੂੰ ਸੋਧਦਿਆਂ, ਤਰਾਸ਼ਦਿਆਂ ਲਿਖਣ ਦੇ ਕਾਬਲ ਬਣਾਇਆ। ਡਾ.ਇੰਦਰਜੀਤ ਕੌਰ ਜੀ, ਪ੍ਰਧਾਨ ਪਿੰਗਲਵਾੜਾ ਅੰਮ੍ਰਿਤਸਰ ਵੱਲੋਂ ਦਿਖਾਈ ਫ਼ਰਾਖ਼ਦਿਲੀ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਮੇਰੀ ਨਿਮਾਣੀ ਜਿਹੀ ਕੋਸ਼ਿਸ਼ ਨੂੰ ਪ੍ਰਕਾਸ਼ਿਤ ਕਰ ਆਪ ਸਭ ਦੇ ਰੂ-ਬਰੂ ਕੀਤਾ। ਮੈਂ ਡਾ. ਵਰਿੰਦਰ ਪਾਲ ਸਿੰਘ, ਕੰਵਲਜੀਤ ਸਿੰਘ ਪੰਨਵਾਂ, ਡਾ. ਰਣਜੀਤ ਕੌਰ ਪੰਨਵਾਂ, ਡਾ. ਬਲਜਿੰਦਰ ਕੌਰ ਸੰਧੂ ਦਾ ਇਸ ਕਾਰਜ ਲਈ ਕੀਤੇ ਸਹਿਯੋਗ ਅਤੇ ਪ੍ਰੇਰਣਾ ਲਈ ਧੰਨਵਾਦੀ ਹਾਂ । ਮੈਂ OWN (Our World Need) ਸੰਸਥਾ ਨਾਲ ਜੁੜੇ ਹਰ ਨੌਜਵਾਨ ਵੀਰ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ। ਜਿਹੜੇ ਵਾਤਾਵਰਨ ਸੰਭਾਲ ਮੁਹਿੰਮ ਵਿੱਚ ਸਮੇਂ-ਸਮੇਂ ਨਿਸ਼ਕਾਮ ਭਾਵਨਾ ਨਾਲ ਸੇਵਾ ਨਿਭਾਉਂਦੇ ਰਹਿੰਦੇ ਹਨ।ਕੋਈ ਵੀ ਲਿਖਤ ਸੰਪੂਰਨ ਅਤੇ ਅੰਤਿਮ ਨਹੀਂ ਹੁੰਦੀ।ਇਸ ਕਾਰਜ ਵਿੱਚ ਕਮੀਆਂ, ਘਾਟਾਂ ਪਾਠਕਾਂ ਤੇ ਸਨੇਹੀਆਂ ਦੇ ਸੁਝਾਵਾਂ ਅਨੁਸਾਰ ਠੀਕ ਕਰ ਲਵਾਂਗਾ ਜੀ। ਆਪ ਦੇ ਸੁਝਾਅ ਅਤੇ ਪ੍ਰੇਰਣਾ ਸਦਾ ਹੱਥ ਬੰਨ੍ਹ ਉਡੀਕਾਂਗਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਗੁਰਪੁਰਬ ਸ਼ਤਾਬਦੀ ਨੂੰ ਸਮਰਪਿਤ ਇਹ ਕਿਤਾਬਚਾ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਕਰਦਿਆਂ ਅਥਾਹ ਖੁਸ਼ੀ ਹੈ।ਆਸ ਕਰਦਾ ਹਾਂ ਕਿ ਪਾਠਕ ਇਸ ਤੋਂ ਲਾਹਾ ਲੈ ਵਾਤਾਵਰਨ ਦੀ ਸਾਂਭ-ਸੰਭਾਲ ਲਈ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕਰਨਗੇ।

**ਐਡਵੋਕੇਟ ਸੁਖਬੀਰ ਸਿੰਘ ਪੰਨਵਾਂ**



## ਤਤਕਰਾ


| ਕ੍ਰਮ-ਅੰਕ | ਲੇਖ | ਪੰਨਾ |
|---|---|---|
| | ਦੋ-ਸ਼ਬਦ ਡਾ. ਇੰਦਰਜੀਤ ਕੌਰ | 4 |
| | ਪ੍ਰਸਤਾਵਨਾ ਲੇਖਕ ਵੱਲੋਂ | 6 |
| 1. | ਵਾਤਾਵਰਨ ਅਤੇ ਵਾਤਾਵਰਨ ਪ੍ਰਦੂਸ਼ਣ | 10 |
| 2. | ਗੁਰਬਾਣੀ ਅਨੁਸਾਰ ਵਾਤਾਵਰਨ ਦੀ ਸੰਭਾਲ | 13 |
| 3. | ਕਾਦਰ ਦੀ ਕੁਦਰਤ ਦਾ ਅਨੰਦ | 17 |
| 4. | ਪਦਾਰਥਵਾਦ ਦਾ ਤਿਆਗ ਅਤੇ ਕੁਦਰਤ ਨਾਲ ਪਿਆਰ ਦੀ ਪ੍ਰੇਰਣਾ | 24 |
| 5. | ਪਾਣੀ, ਹਵਾ ਅਤੇ ਧਰਤੀ ਦੀ ਸਾਂਭ-ਸੰਭਾਲ ਦੀ ਪ੍ਰੇਰਣਾ | 29 |
| 6. | ਰੁੱਖ ਅਤੇ ਬਨਸਪਤੀ ਜੀਵਨ ਦਾ ਮੁੱਢ | 33 |
| 7. | ਉੱਤਮ ਖੇਤੀ | 39 |
| 8. | ਸ਼ੋਰ ਪ੍ਰਦੂਸ਼ਣ ਅਤੇ ਧਰਮ ਦੀ ਭੂਮਿਕਾ | 44 |
| 9. | ਸੂਰਜ, ਚੰਦ, ਤਾਰੇ (ਪੁਲਾੜ) | 48 |
| 10. | ਨਿਸ਼ਕਰਸ਼ | 52 |
| 11. | ਸਹਾਇਕ ਪੁਸਤਕ ਸੂਚੀ | 55 |
| 12. | ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | 57 |



ਲੇਖਕ ਅਤੇ OWN (our word need) ਨਾਮੀ ਸੰਸਥਾ ਪੌਦੇ ਲਗਾਉਂਦੇ ਅਤੇ ਸਾਂਭ ਸੰਭਾਲ ਕਰਦੇ ਹੋਏ ।



ਲੇਖਕ ਅਤੇ OWN (our word need) ਨਾਮੀ ਸੰਸਥਾ ਪੌਦੇ ਲਗਾਉਣ ਲਈ ਟੋਏ ਪੁੱਟਦੇ ਹੋਏ ।



# ਵਾਤਾਵਰਨ ਅਤੇ ਵਾਤਾਵਰਨ ਪ੍ਰਦੂਸ਼ਣ

ਜਦੋਂ ਅਸੀਂ ਕਿਸੇ ਜਾਣਕਾਰ ਦੀ ਮੌਤ ਬਾਰੇ ਸੁਣਦੇ ਹਾਂ ਤਾਂ ਅਚੰਭਿਤ ਤੇ ਭਾਵੁਕਤਾ ਮਹਿਸੂਸ ਕਰਦੇ ਹਾਂ। ਇਹ ਬੜੀ ਵੱਡੀ ਖ਼ਬਰ ਲੱਗਦੀ ਹੈ; ਪਰ ਜਦੋਂ ਹਜ਼ਾਰਾਂ ਲੋਕ ਵਾਤਾਵਰਨ ਪ੍ਰਦੂਸ਼ਣ ਨਾਲ ਬਿਮਾਰ, ਅਪਾਹਜ ਹੁੰਦੇ ਅਤੇ ਮਰਦੇ ਹਨ, ਇਸ ਸਭ ਲਈ ਸਾਡੇ ਮੱਥੇ ਸ਼ਿਕਨ ਘੱਟ ਹੀ ਦੇਖਣ ਨੂੰ ਮਿਲਦਾ ਹੈ। ਸਾਨੂੰ ਵਾਤਾਵਰਨ ਅਤੇ ਵਾਤਾਵਰਨ ਪ੍ਰਦੂਸ਼ਣ ਸੰਬੰਧੀ ਚੇਤਨਾ ਬਹੁਤ ਘੱਟ ਹੈ। ਸਾਨੂੰ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਸੰਬੰਧੀ ਬਣੇ ਕਾਨੂੰਨ ਅਤੇ ਅਦਾਲਤਾਂ ਦੇ ਫ਼ੈਸਲਿਆਂ ਦੀ ਜਾਣਕਾਰੀ ਵੀ ਨਹੀਂ ਜੋ ਲੋਕਾਂ ਨੂੰ ਸਿਹਤਮੰਦ ਆਲਾ-ਦੁਆਲਾ ਪ੍ਰਦਾਨ ਕਰਨ ਲਈ ਬਣਾਏ ਗਏ ਹਨ। ਵਧਦੀ ਜਨਸੰਖਿਆ, ਉਦਯੋਗਖ਼ਾਨੇ, ਖੇਤੀਬਾੜੀ ਵਿਕਾਸ, ਤਕਨੀਕੀ ਵਿਕਾਸ, ਸ਼ਹਿਰੀਕਰਨ, ਨਵੀਨੀਕਰਨ,ਇਹ ਸਭ ਵਾਤਾਵਰਨ ਅਤੇ ਚੁਗਿਰਦੇ ਨੂੰ ਵਿਹੁਲਾ ਕਰ ਰਹੇ ਹਨ, ਜੋ ਖ਼ਤਰੇ ਦੀ ਘੰਟੀ ਹੈ। ਨਵੀਨੀਕਰਨ ਜਿਸ ਨੂੰ ਦੇਖ ਅਸੀਂ ਪ੍ਰਸੰਨ ਹੁੰਦੇ ਹਾਂ, ਅਸਲ ਵਿੱਚ ਇਹੀ ਸਾਡਾ ਉਜਾੜ ਘਰ ਬਣੇਗਾ। ਇਹ ਭੁਲੇਖਾ ਪਾਊ ਤਰੱਕੀ ਹੀ ਸਾਨੂੰ ਅੰਤ ਅੱਖਾਂ ਵਿੱਚ ਘਸੁੰਨ ਲੈ ਰੋਣ ਲਈ ਮਜ਼ਬੂਰ ਕਰ ਦੇਵੇਗੀ। ਜਦੋਂ ਸਾਡੀਆਂ ਆਉਂਦੀਆਂ ਪੀੜ੍ਹੀਆਂ ਲਈ ਹਵਾ-ਪਾਣੀ ਨਾ ਬਚਿਆ।“ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ” ਅਨੁਸਾਰ ਇਹ ਅਖੌਤੀ ਤਰੱਕੀ ਸਾਡੇ ਗਲੇ ਦੀ ਹੱਡੀ ਬਣ ਜਾਵੇਗੀ ਜੋ ਸਾਡਾ ਹਵਾ-ਪਾਣੀ, ਧਰਤੀ, ਜੰਗਲ, ਜੰਗਲੀ ਜਨ-ਜਸੀਵਨ ਤਬਾਹ ਕਰ ਦੇਵੇਗੀ।

**ਵਾਤਾਵਰਨ:** ਅੱਜ ਦੇ ਮਨੁੱਖ ਨੇ ਹਵਾ-ਪਾਣੀ, ਧਰਤੀ ਸਭ ਨੂੰ ਗੰਦਾ ਕਰ ਲਿਆ ਹੈ।ਮਾਇਆ ਦੀ ਦੌੜ ਨੇ ਇਨਸਾਨ ਨੂੰ ਅੰਨ੍ਹਾ ਕਰ ਦਿੱਤਾ ਹੈ।ਅੰਨ੍ਹੇਵਾਹ ਵਧਦਾ ਪ੍ਰਦੂਸ਼ਣ ਆਪਾ-ਮਾਰੂ ਸਿੱਧ ਹੋਵੇਗਾ।ਜੇਕਰ ਅਸੀਂ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਨੂੰ ਨਾ ਮੰਨਿਆ ਤਾਂ ਵੱਡੀ ਭੁੱਲ ਹੋਵੇਗੀ। ਗੁਰੂ ਨਾਨਕ ਦੇਵ ਜੀ ਨੇ **“ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥”** ਦੇ ਮਹਾਂਵਾਕ ਅਨੁਸਾਰ ਇਹਨਾਂ ਦੀ ਕੀਮਤ ਤੋਂ ਜਾਣੂ ਕਰਵਾਇਆ ਹੈ।ਇਹਨਾਂ ਦੇ ਪਲੀਤ ਹੋਣ ਨਾਲ ਵਾਤਾਵਰਨ ਤਬਾਹ ਹੋ ਜਾਵੇਗਾ।ਵਾਤਾਵਰਨ ਸਿੱਧੇ ਰੂਪ ਵਿੱਚ ਸਾਡਾ ਆਲਾ-ਦੁਆਲਾ ਅਤੇ ਅਸਿੱਧੇ ਤੌਰ ’ਤੇ ਉਹ ਹਾਲਾਤ ਹਨ ਜਿਸ ਵਿੱਚ ਕੋਈ ਵਿਅਕਤੀ ਜਾਂ ਚੀਜ਼ ਹੋਂਦ ਰੱਖਦੇ ਹੋਏ ਵਧ-ਫੁੱਲ ਸਕਦੇ ਹਨ। ਭੌਤਿਕ ਵਾਤਾਵਰਨ ਵਿੱਚ ਧਰਤੀ, ਹਵਾ ਅਤੇ ਪਾਣੀ ਆਦਿ ਸ਼ਾਮਿਲ ਹਨ ਅਤੇ ਜੈਵਿਕ ਵਾਤਾਵਰਨ ਵਿੱਚ ਬੂਟੇ, ਬਨਸਪਤੀ, ਜਾਨਵਰ, ਮਨੁੱਖ ਅਤੇ ਸੂਖਮ-ਜੀਵ ਸ਼ਾਮਿਲ ਹੁੰਦੇ ਹਨ।

**ਭਗਤ ਪੂਰਨ ਸਿੰਘ ਜੀ** ਮਨੁੱਖ ਵੱਲੋਂ ਕੁਦਰਤ ਨਾਲ ਹੋ ਰਹੇ ਖਿਲਵਾੜ ਨੂੰ ਇਸ ਤਰ੍ਹਾਂ ਉਲੇਖ ਕਰਦੇ ਹਨ "ਧਰਤੀ ਉੱਪਰ ਆਪਾ-ਮਾਰੂ, ਆਪਣਾ ਸ਼ਿਕਾਰ ਕਰਦਾ ਮਨੁੱਖ ਪ੍ਰਦੂਸ਼ਣ ਰਾਹੀਂ ਦੇਖਿਆ ਜਾ ਸਕਦਾ।"

**ਦਸਮਨ ਅਨੁਸਾਰ** "ਮਨੁੱਖ ਜਾਤੀ ਇੱਕ ਬਾਂਦਰ ਦੇ ਹੱਥ ਗਰਨੇਡ ਵਾਂਗ ਹੈ, ਕੋਈ ਨਹੀਂ ਕਹਿ ਸਕਦਾ ਕਿ ਕਦੋਂ ਇਹ (ਮਨੁੱਖ) ਪਿੰਨ ਖਿੱਚ ਦੇਵੇ।"

**ਕੇ. ਆਰ. ਦਿਕਸ਼ਿਤ ਅਨੁਸਾਰ**-"ਸਾਡਾ ਘੱਟੋ-ਘੱਟ ਵਾਹ ਪੁਲਾੜ ਦੀ ਗੁਣਵੱਤਾ ਹੈ ਜਿੱਥੇ ਅਸੀਂ ਰਹਿੰਦੇ ਹਾਂ, ਹਵਾ ਦੀ ਸ਼ੁੱਧਤਾ ਜਿਸ ਵਿੱਚ ਅਸੀਂ ਸਾਹ ਲੈਂਦੇ ਹਾਂ, ਭੋਜਨ ਖਾਂਦੇ ਹਾਂ, ਪਾਣੀ ਪੀਂਦੇ ਹਾਂ ਅਤੇ ਆਪਣੀ ਆਰਥਿਕਤਾ ਦੀ ਸਹਾਇਤਾ ਲਈ ਸਾਧਨ ਜੋ ਅਸੀਂ ਆਲੇ-ਦੁਆਲੇ ਵਿੱਚੋਂ ਕੱਢਦੇ ਹਾਂ, ਨਾਲ ਹੈ।"

**ਵਾਤਾਵਰਨ ਸੰਭਾਲ ਐਕਟ 1986 ਅਨੁਸਾਰ**- "ਵਾਤਾਵਰਨ ਵਿੱਚ ਪਾਣੀ, ਹਵਾ, ਧਰਤੀ, ਮਨੁੱਖਤਾ ਅਤੇ ਹੋਰ ਜੀਵਿਤ ਜੀਵ, ਪੌਦੇ, ਸੂਖਮ ਜੀਵ ਅਤੇ ਜਾਇਦਾਦ ਸ਼ਾਮਿਲ ਹੈ।"

**ਯੂਨਾਈਟਿਡ ਸਟੇਟ ਕੌਂਸਲ ਅਨੁਸਾਰ**- ਯੂਨਾਈਟਿਡ ਸਟੇਟ ਕੌਂਸਲ ਤਾਂ "ਸ਼ੁੱਧ ਵਾਤਾਵਰਨ ਨੂੰ ਸਿਰਫ਼ ਜੀਵ ਖੇਤਰ ਤਕ ਸੀਮਿਤ ਨਹੀਂ ਰੱਖਦੀ, ਸਗੋਂ ਜੀਵ ਦੇ ਕੁਦਰਤੀ ਜਾਂ ਮਨੁੱਖ ਦੁਆਰਾ ਬਣਾਏ ਗਏ ਆਲੇ-ਦੁਆਲੇ ਤਕ ਨੂੰ ਸ਼ਾਮਿਲ ਕਰਦੀ ਹੈ।"

ਇੰਞ ਅਸੀਂ ਕਹਿ ਸਕਦੇ ਹਾਂ ਕਿ ਵਾਤਾਵਰਨ ਵਿੱਚ ਜੀਵਨ,ਹਵਾ, ਪੁਲਾੜ, ਪਾਣੀ, ਪੌਦੇ, ਜੀਵ-ਜੰਤੂ, ਜੰਗਲੀ ਜਨ-ਜੀਵਨ, ਸੂਖਮ ਜੀਵ ਅਤੇ ਮਨੁੱਖ ਦੁਆਰਾ ਬਣਾਏ ਗਏ ਸਾਧਨ ਵੀ ਸ਼ਾਮਿਲ ਹਨ।ਇਸ ਪ੍ਰਕਾਰ ਵਾਤਾਵਰਨ ਦਾ ਘੇਰਾ ਬਹੁਤ ਵਿਸ਼ਾਲ ਹੈ, ਜਿਸ ਦੀ ਸੰਭਾਲ ਬਿਨਾਂ ਮਨੁੱਖੀ ਜੀਵਨ ਕਦੇ ਵੀ ਸਕੂਨਮਈ ਸੰਭਵ ਨਹੀਂ।ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਲਈ ਸਾਨੂੰ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਇਸਦੇ ਨਫ਼ੇ-ਨੁਕਸਾਨ ਤੋਂ ਸੁਚੇਤ ਹੋਣਾ ਤੇ ਦੂਜਿਆਂ ਨੂੰ ਕਰਨਾ ਆਪਣਾ ਨਿੱਜੀ ਤੇ ਮੁੱਖ ਫ਼ਰਜ਼ ਸਮਝਣਾ ਚਾਹੀਦਾ ਹੈ।

**ਵਾਤਾਵਰਨ ਪ੍ਰਦੂਸ਼ਣ**-ਸਾਡੇ ਆਲੇ-ਦੁਆਲੇ ਚੁਗਿਰਦੇ ਵਿੱਚ ਪੁਰਾਤਨ ਸਮੇਂ ਤੋਂ ਜੀਵ-ਨਿਰਜੀਵ, ਬਨਸਪਤੀ, ਪ੍ਰਾਣੀ ਜਗਤ ਵਿੱਚ ਪ੍ਰਸਪਰ ਸੰਤੁਲਨ ਬਣਿਆ ਹੋਇਆ ਹੈ। ਅੱਜ ਤਰੱਕੀ ਦੀ ਹੋੜ ਵਿੱਚ ਪ੍ਰਾਣੀ ਜਗਤ ਨੇ ਇਸ ਸੰਤੁਲਨ ਨੂੰ ਵਿਗਾੜ ਲਿਆ ਹੈ। ਲਗਾਤਾਰ ਆ ਰਹੀਆਂ ਵਾਤਾਵਰਨੀ ਤਬਦੀਲੀਆਂ



ਹਵਾ ਦਾ ਵਿਹੁਲਾ ਹੋਣਾ, ਪਾਣੀ ਦਾ ਦੂਸ਼ਿਤ ਹੋਣਾ, ਭੂ-ਖੋਰ, ਸ਼ੋਰ-ਪ੍ਰਦੂਸ਼ਣ ਆਦਿ ਨੇ ਆਮ ਜਨ-ਜੀਵਨ ਨੂੰ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਇਸ ਤੋਂ ਵੀ ਅੱਗੇ ਤਾਪ, ਬਿਜਲਈ ਤੇ ਚੁੰਬਕੀ ਪ੍ਰਦੂਸ਼ਣ ਜੋ ਥੋੜ੍ਹੇ ਸਮੇਂ ਤੋਂ ਹੀ ਸਾਡੇ ਚੁਗਿਰਦੇ ਵਿੱਚ ਸ਼ਾਮਿਲ ਹੋਏ ਹਨ। ਵਾਤਾਵਰਨ ਪ੍ਰਦੂਸ਼ਣ ਨੇ ਕੁਦਰਤੀ ਸਾਧਨਾਂ ਨੂੰ ਖ਼ਤਮ ਜਾਂ ਤਬਾਹ ਕਰਨ ਵਿੱਚ ਅੰਤਲਾ-ਪੜਾਅ ਲਿਆ ਖੜ੍ਹਾ ਕੀਤਾ ਹੈ। ਵਾਤਾਵਰਨ ਨੂੰ ਸੰਭਾਲਣ ਲਈ ਬਹੁਤ ਕਾਨੂੰਨ ਬਣੇ ਤੇ ਸਮੇਂ ਦੀ ਲੋੜ ਨੂੰ ਸਨਮੁੱਖ ਰੱਖ ਇਨ੍ਹਾਂ ਵਿੱਚ ਸੋਧ ਵੀ ਹੁੰਦੀ ਰਹੀ ਹੈ। ਸਮੇਂ-ਸਮੇਂ ਦਰਪੇਸ਼ ਚੁਣੌਤੀਆਂ ਦਾ ਸਾਹਮਣਾ ਕਰਨ ਲਈ; ਜਿਵੇਂ ਕਿ ਪੰਜਾਬ ਵਿੱਚ ਅਗੇਤੇ ਝੋਨੇ ਦੀ ਬਿਜਾਈ ਦੇ ਸਮੇਂ ਨੂੰ ਪਿੱਛੇ ਲਿਜਾਣਾ, ਰਹਿੰਦ-ਖੂੰਹਦ ਨੂੰ ਸਾੜਨ ਤੇ ਪਾਬੰਦੀ ਲਗਾਉਣਾ, ਤਾਂ ਜੋ ਉਹਨਾਂ ਤੋਂ ਪੈਦਾ ਹੁੰਦੀਆਂ ਹਾਨੀਕਾਰਕ ਗੈਸਾਂ ਤੋਂ ਬਚਿਆ ਜਾ ਸਕੇ; ਪਰ ਕਾਨੂੰਨ ਬਹੁਤ ਪੁਰਾਣੇ ਹੋਣ ਦੇ ਬਾਵਜੂਦ ਵੀ ਵਾਤਾਵਰਨ ਪ੍ਰਦੂਸ਼ਣ 'ਤੇ ਰੋਕ ਲੱਗਦੀ ਨਹੀਂ ਦਿਸੀ ਤੇ ਨਾ ਹੀ ਇਹ ਕੰਟਰੋਲ ਹੁੰਦਾ ਦਿਖਾਈ ਦੇ ਰਿਹਾ ਹੈ। ਕਾਨੂੰਨ ਸਾਨੂੰ ਕੋਈ ਅਪਰਾਧ ਕੀਤੇ ਜਾਣ ਤੋਂ ਪਹਿਲਾਂ ਸਜ਼ਾ ਨਹੀਂ ਦੇ ਸਕਦਾ ਅਤੇ ਜਦੋਂ ਤਕ ਅਸੀਂ ਵਾਤਾਵਰਨ ਪ੍ਰਦੂਸ਼ਿਤ ਕਰਨ ਵਾਲੇ ਸਮਾਜ ਵਿਰੋਧੀ ਤੱਤਾਂ ਨੂੰ ਸਜ਼ਾ ਦੇਵਾਂਗੇ ਉਦੋਂ ਤਕ ਹੋਏ ਨੁਕਸਾਨ ਦੀ ਭਰਪਾਈ ਕਰਨਾ ਅਸੰਭਵ ਹੈ।

# ਗੁਰਬਾਣੀ ਅਨੁਸਾਰ ਵਾਤਾਵਰਨ ਦੀ ਸੰਭਾਲ

ਗੁਰਬਾਣੀ ਅੰਦਰਲਾ ਗਿਆਨ ਸਾਨੂੰ ਬਨਸਪਤੀ ਨਾਲ ਪਿਆਰ, ਹਰਿਆਵਲ ਨਾਲ ਮੋਹ, ਪੰਛੀਆਂ ਦੀ ਚਹਿ-ਚਹਾ, ਰੁਮਕਦੀਆਂ ਹਵਾਵਾਂ ਨਾਲ ਪ੍ਰੇਮ, ਝਰਨਿਆਂ ਦੀ ਕਲ੍ਹ-ਕਲ੍ਹ, ਵੰਨ-ਸੁਵੰਨੇ ਬਾਗ਼-ਬਗੀਚੇ, ਫੁੱਲਾਂ ਭਰਪੂਰ ਕਿਆਰੀਆਂ ਨਾਲ ਪਿਆਰ ਕਰਨਾ ਸਿਖਾਉਂਦਾ ਹੈ। ਗੁਰੂ ਨਾਨਕ ਬਾਣੀ ਸਾਨੂੰ ਕੋਮਲ-ਚਿੱਤ ਬਣਾਉਂਦੀ ਹੈ। ਕਾਦਰ ਦੀ ਬਖਸ਼ੀ ਕੁਦਰਤ ਨਾਲ ਕਲਾਵਾ ਦੇਂਦੀ ਹੈ।ਕੁਦਰਤ ਵਿਚਲਾ ਪਿਆਰ ਮਾਣਨ ਲਈ ਰੁੱਖ-ਬੂਟਿਆਂ ਤੇ ਬਨਸਪਤੀ ਦਾ ਜ਼ਿਕਰ ਕਰਦੀ ਹੈ।ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਸੌਖੇ ਅਤੇ ਸਹਿਜ ਰੂਪ ਵਿੱਚ ਅਕਾਲ ਪੁਰਖ ਅਤੇ ਗੁਰੂ ਦੇ ਗੁਣਾਂ ਨੂੰ ਸਮਝਾਉਣ ਲਈ ਵੱਖ-ਵੱਖ ਪ੍ਰਤੀਕ, ਬਿੰਬ, ਵਿਸ਼ੇਸ਼ਣ, ਅਲੰਕਾਰਾਂ ਦੀ ਵਰਤੋਂ ਕੁਦਰਤ ਦੇ ਵੱਖ-ਵੱਖ ਰੂਪਾਂ ਵਿੱਚ ਕੀਤੀ ਹੈ। ਕੁਦਰਤ ਦੇ ਗੁਹਜ ਰੂਪ ਨੂੰ ਸਮਝਾਉਣ ਲਈ ਸੰਕੇਤਕ ਰੂਪ ਵਿੱਚ ਦ੍ਰਿਸ਼ਟੀਮਾਨ ਕੀਤਾ ਹੈ। ਇਸ ਤਰ੍ਹਾਂ ਜੋ ਕੁਦਰਤ ਦੇ ਗੁਹਜ ਰੂਪ ਨੂੰ ਸਮਝ ਲਵੇਗਾ ਉਹ ਅਕਾਲ ਪੁਰਖ ਦੇ ਗੁਣਾਂ ਨੂੰ ਗ੍ਰਹਿਣ ਕਰ ਛੇਤੀ ਅਤੇ ਸੌਖਿਆਂ ਅਭੇਦਤਾ ਹਾਸਲ ਕਰ ਸਕੇਗਾ। ਸੂਰਜ, ਚੰਦ, ਤਾਰੇ, ਦਰਿਆ, ਨਦੀਆਂ, ਝਰਨੇ, ਧਰਤੀ, ਪਾਣੀ, ਰੁੱਖ-ਬੂਟੇ, ਜੰਗਲ, ਜਾਨਵਰਾਂ, ਜੀਵਾਂ, ਬਨਸਪਤੀ ਦੀਆਂ ਉਦਾਹਰਨਾਂ ਦਿੱਤੀਆਂ ਗਈਆਂ ਹਨ, ਜਿਸ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬ ਜੀ ਵੱਲੋਂ ਆਪਣੇ ਅਨੁਯਾਈਆਂ ਨੂੰ ਸਹਿਜ ਰੂਪ ਵਿੱਚ ਕੁਦਰਤ ਨਾਲ ਜੁੜ ਕੇ ਅਕਾਲ ਪੁਰਖ ਦਾ ਨਾਮ ਲੈਣ ਲਈ ਪ੍ਰੇਰਿਤ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਹਕੀਕਤ ਵਿੱਚ ਸਾਨੂੰ ਵਾਤਾਵਰਨ ਨਾਲ ਪਿਆਰ, ਮਿੱਤਰਤਾ, ਅਭੇਦਤਾ ਅਤੇ ਸਾਂਭ-ਸੰਭਾਲ ਲਈ ਜ਼ਿੰਮੇਵਾਰ ਸ਼ਹਿਰੀ ਬਣਾਉਂਦੀ ਹੈ ਜੋ ਕਿ ਵਿਸ਼ਵ-ਵਿਆਪੀ ਪੱਧਰ 'ਤੇ ਕਾਰਗਰ ਹੈ। ਇਸੇ ਲਈ ਅਸੀਂ ਇਸ ਵਿਸ਼ੇ ਨੂੰ ਗੁਰੂ ਨਾਨਕ ਬਾਣੀ ਦੇ ਪਰਿਪੇਖ ਵਿੱਚ ਵਿਚਾਰਨ ਦਾ ਯਤਨ ਕਰ ਰਹੇ ਹਾਂ ਕਿਉਂਕਿ ਨੈਤਿਕ ਸੱਭਿਆਚਾਰ ਪੈਦਾ ਕਰਕੇ ਹੀ ਅਸੀਂ ਆਪਣੀ ਜ਼ਿੰਮੇਵਾਰੀ ਪ੍ਰਤੀ ਅਵੇਸਲਾਪਨ ਛੱਡ ਸੁਹਿਰਦ ਹੋ ਸਕਾਂਗੇ। ਅਸੀਂ ਇੱਥੇ ਹੱਥਲੇ ਕਿਤਾਬਚੇ ਦੇ ਮਾਧਿਅਮ ਰਾਹੀਂ ਗੁਰੂ ਨਾਨਕ ਬਾਣੀ ਅੰਦਰ ਕੁਦਰਤ ਦੀ ਸਾਂਭ-ਸੰਭਾਲ, ਪਿਆਰ ਤੇ ਪ੍ਰਸਪਰ ਇਕਸੁਰਤਾ ਬਣਾਈ ਰੱਖਣ ਦੇ ਆਦੇਸ਼ਾਂ-ਨਿਰਦੇਸ਼ਾਂ ਦੀ ਵਿਸਥਾਰਪੂਰਵਕ ਚਰਚਾ ਕਰਾਂਗੇ ਤਾਂ ਜੋ ਗੁਰੂ ਨਾਨਕ ਬਾਣੀ ਨੂੰ ਸਮਝ ਕੇ ਕੁਦਰਤ ਨਾਲ ਇਕਸੁਰਤਾ ਬਣਾਉਣ ਦੇ ਉਪਦੇਸ਼ਾਂ ਨੂੰ ਸਮਝ ਵਾਤਾਵਰਨ ਨੂੰ



ਸੰਭਾਲਣ ਲਈ ਫ਼ਰਜ਼ ਨਿਭਾ ਸਕੀਏ।

ਗੁਰੂ ਨਾਨਕ ਬਾਣੀ ਅੰਦਰ ਕੁਦਰਤ ਦੀ ਸਮੁੱਚਤਾ, ਸੁੰਦਰਤਾ ਤੇ ਸੁਖਮਈ ਕਲਾਵੇ ਨੂੰ ਬਹੁਤ ਹੀ ਭਾਵਪੂਰਕ ਤਰੀਕੇ ਨਾਲ ਬਿਆਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੀ ਆਰਤੀ ਬ੍ਰਹਿਮੰਡ ਦਾ ਵਿਸ਼ਾਲਮਈ ਰੂਪ ਚਿਤਰਦੀ ਹੈ ਜੋ ਕਿ ਬਹੁਤ ਹੀ ਮਨਮੋਹਕ ਤੇ ਆਨੰਦਮਈ ਹੈ। ਸਾਰਾ ਆਕਾਸ਼ ਮਾਨੋ ਇੱਕ ਥਾਲ ਦੀ ਨਿਆਈਂ ਹੈ। ਸੂਰਜ ਤੇ ਚੰਦ ਦੀਵੇ ਹਨ, ਤਾਰੇ ਮੋਤੀ ਹਨ, ਖਿੜੇ ਹੋਏ ਫੁੱਲਾਂ ਵਿੱਚੋਂ ਮਹਿਕ ਆਉਂਦੀ ਹੈ। ਪਵਨ ਚਵਰ ਕਰਦੀ ਤੇ ਸਫ਼ਾਈ ਕਰਦੀ ਹੈ। ਇਹ ਕੁਦਰਤੀ ਨਜ਼ਾਰਾ ਬੜਾ ਸੁੰਦਰ ਨਜ਼ਰ ਆਉਂਦਾ ਹੈ। ਗੁਰੂ ਨਾਨਕ ਪਾਤਸ਼ਾਹ ਜੀ ਇਸ ਪ੍ਰਕਾਰ ਚਿਤਰਨ ਕਰਦੇ ਹਨ :

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥**

(ਮ:੧, ਅੰਗ ੧੩)

ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਬਨਾਵਟੀ ਅਤੇ ਪਾਖੰਡ ਆਰਤੀ ਦੀ ਲੋੜ ਨਹੀਂ, ਸਗੋਂ ਕੁਦਰਤ ਦੇ ਬਣਾਏ ਸੁੰਦਰ ਰੂਪ ਦੀ ਆਰਤੀ ਨੂੰ ਮਾਣਨ ਤੇ ਮਹਿਸੂਸ ਕਰਨ ਦੀ ਲੋੜ ਹੈ। ਰੱਬ ਨੂੰ ਅਖੌਤੀ ਆਰਤੀ ਕਰਕੇ ਖੁਸ਼ ਨਹੀਂ ਕੀਤਾ ਜਾ ਸਕਦਾ। ਮਨੁੱਖ ਦੁਆਰਾ ਕੀਤੀਆਂ ਜਾਂਦੀਆਂ ਰੀਤਾਂ, ਰਸਮਾਂ, ਫੋਕਟ ਕਰਮ-ਕਾਂਡ ਨਿਰਾਰਥਕ ਹਨ। ਉੱਚਤਮ ਆਰਤੀ ਅਨਹਦ-ਨਾਦ ਰਾਹੀਂ ਆਪਣੇ ਆਪ ਹੋ ਰਹੀ ਹੈ। ਇੱਕ ਰਸ ਜੀਵਨ ਰੌਂ (ਰਵਾਨਗੀ) ਮਾਨੋ ਤੇਰੀ ਆਰਤੀ ਦਾ ਰਸ ਹੈ। ਸੁਤੇ-ਸਿੱਧ ਨਗਾਰੇ ਵੱਜ ਰਹੇ ਹਨ।ਇਸ ਆਨੰਦ ਨੂੰ ਗੁਰੂ ਸਾਹਿਬ ਜੀ ਨੇ ਇਸ ਪ੍ਰਕਾਰ ਬਿਆਨਿਆ ਹੈ-

**ਕੈਸੀ ਆਰਤੀ ਹੋਇ॥ ਭਵ ਖੰਡਨਾ ਤੇਰੀ ਆਰਤੀ॥**
**ਅਨਹਤਾ ਸਬਦ ਵਾਜੰਤ ਭੇਰੀ ॥੧॥ਰਹਾਉ॥**

(ਮ:੧, ਅੰਗ ੧੩)

ਗੁਰੂ ਸਾਹਿਬ ਜੀ ਨੇ ਦੱਸਿਆ ਕਿ ਪਰਮਾਤਮਾ ਸਾਰੀ ਕਾਇਨਾਤ ਵਿੱਚ ਵਿਆਪਕ ਹੈ।ਹਰ ਜੀਵ ਵਿੱਚ ਉਹ ਆਪ ਵਿਚਰ ਰਿਹਾ ਹੈ। ਇਸ ਕਰਕੇ ਉਸ ਦੀਆਂ ਹਜ਼ਾਰਾਂ ਅੱਖਾਂ, ਹਜ਼ਾਰਾਂ ਸ਼ਕਲਾਂ, ਹਜ਼ਾਰਾਂ ਸੋਹਣੇ ਪੈਰ, ਹਜ਼ਾਰਾਂ ਨੱਕ ਹਨ। ਹਰ ਜਗ੍ਹਾ ਇੱਕ ਰਸ ਵਿਆਪਕ ਹੋਣ ਕਾਰਨ ਤੇਰੇ ਅਜਿਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ। ਸਾਰੇ ਜੀਵਾਂ ਵਿੱਚ ਇਕੋ

ਜੋਤ ਵਰਤ ਰਹੀ ਹੈ। ਇਸੇ ਕੁਦਰਤੀ ਵਰਤਾਰੇ ਦੇ ਪ੍ਰਕਾਸ਼ ਨਾਲ ਸਾਰੇ ਜੀਆਂ ਵਿੱਚ ਚਾਨਣ, ਸੂਝ-ਬੂਝ ਹੈ, ਪਰ ਇਸ ਜੋਤ (ਗਿਆਨ) ਦਾ ਪਤਾ ਗੁਰੂ ਰਾਹੀਂ ਹੀ ਲੱਗਦਾ ਹੈ। ਅਸਲ ਵਿੱਚ ਆਰਤੀ ਇਹੀ ਹੈ ਜੋ ਉਸ ਦੀ ਰਜ਼ਾ ਵਿੱਚ ਹੋ ਰਿਹਾ ਹੈ, ਉਹ ਜੀਵ ਨੂੰ ਚੰਗਾ ਲੱਗੇ। ਕੁਦਰਤ ਨਾਲ ਪਿਆਰ ਤੇ ਵਾਤਾਵਰਨ ਦੀ ਸੰਭਾਲ ਉਸ ਦੀ ਰਜ਼ਾ ਵਿੱਚ ਰਹਿਣਾ ਹੀ ਹੈ। ਗੁਰੂ ਸਾਹਿਬ ਜੀ ਨੇ ਉਲੇਖ ਕੀਤਾ ਹੈ ਕਿ ਪ੍ਰਮਾਤਮਾ ਦੇ ਚਰਨ ਰੂਪ ਫੁੱਲਾਂ ਦੇ ਰਸ ਲਈ ਮੇਰਾ ਮਨ ਲਲਚਾਉਂਦਾ ਹੈ। ਹਰ ਰੋਜ਼ ਮੈਨੂੰ ਇਸੇ ਆਨੰਦ (ਰਸ) ਦੀ ਪਿਆਸ ਲੱਗੀ ਹੋਈ ਹੈ। ਮੈਨੂੰ "ਨਾਨਕ" ਪਪੀਹੇ ਨੂੰ ਆਪਣੀ ਮਿਹਰ ਦਾ ਜਲ ਦੇ ਜਿਸਦੀ ਬਰਕਤ ਨਾਲ ਮੈਂ ਤੇਰੇ ਨਾਮ ਵਿੱਚ ਟਿਕਿਆ ਰਹਾਂ-

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ**
**ਕਉ ਸਹਸ ਮੂਰਤਿ ਨਨਾ ਏਕ ਤੁੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਗੰਧ**
**ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥**
**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥**
**ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥**
**ਹਰਿ ਚਰਣ ਕਵਲ ਮਕਰੰਦ ਲੋਭਿਤ**
**ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
**ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ**
**ਹੋਇ ਜਾ ਤੇ ਤੇਰੈ ਨਾਇ ਵਾਸਾ॥**

(ਮ: ੧, ਅੰਗ ੧੩)

ਵਾਤਾਵਰਨ ਦੀ ਸ਼ੁੱਧਤਾ ਲਈ ਜ਼ਰੂਰੀ ਹੈ ਕਿ ਕੁਦਰਤੀ ਰੂਪ ਵਿੱਚ ਪ੍ਰਾਪਤ ਸਾਧਨਾਂ ਅਤੇ ਬਨਸਪਤੀ ਦੀ ਉਸੇ ਰੂਪ ਵਿੱਚ ਸਾਂਭ-ਸੰਭਾਲ ਕੀਤੀ ਜਾਵੇ।ਮਨੁੱਖੀ ਦਖ਼ਲ ਰਾਹੀਂ ਕੁਦਰਤ ਦੇ ਅਸੂਲਾਂ, ਨੇਮਾਂ, ਸਰੂਪ ਨਾਲ ਖਿਲਵਾੜ ਮਨੁੱਖੀ ਜ਼ਿੰਦਗੀ ਲਈ ਘਾਤਕ ਹੈ ਕਿਉਂਕਿ ਇਹ ਕੁਦਰਤ ਪਰਮਾਤਮਾ ਵੱਲੋਂ ਆਪ ਹੀ ਰਚੀ ਗਈ ਹੈ। ਉਸ ਨੇ ਆਪ ਹੀ ਇਸਦਾ ਨਾਮ ਰੱਖਿਆ, ਰਚਨਾ ਕੀਤੀ ਅਤੇ ਵਿੱਚ ਆਪਣਾ ਵਾਸ ਕੀਤਾ।ਗੁਰੂ ਨਾਨਕ ਦੇਵ ਜੀ ਵੱਲੋਂ ਇਸ ਪ੍ਰਕਾਰ ਉਲੇਖ ਕੀਤਾ ਗਿਆ ਹੈ-

**ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥**

(ਮ: ੧, ਅੰਗ ੪੬੩)





ਲੇਖਕ ਅਤੇ OWN (our word need) ਨਾਮੀ ਸੰਸਥਾ ਪਿੰਡ ਮਾਨ ਢੈਹਰੇ ਵਿੱਚ ਪੌਦੇ ਲਗਾਉਂਦੇ ਅਤੇ ਸਾਂਭ ਸੰਭਾਲ ਕਰਦੇ ਹੋਏ ।

# ਕਾਦਰ ਦੀ ਕੁਦਰਤ ਦਾ ਆਨੰਦ

**"ਕੁਦਰਤਿ ਕਰਿ ਕੈ ਵਸਿਆ ਸੋਇ ॥"** ਦੇ ਮਹਾਂਵਾਕ ਅਨੁਸਾਰ ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਕੁਦਰਤ ਨੂੰ ਸਾਜ ਕੇ ਅਕਾਲ ਪੁਰਖ ਇਸੇ ਵਿੱਚ ਵਿਦਮਾਨ ਹੈ।ਕੁਦਰਤ ਜਾਂ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕਰਤਾ ਪੁਰਖ "ਸੁੰਨ" ਅਵਸਥਾ ਆਪਣੇ ਆਪ ਵਿੱਚ ਸੀ। ਇਸ ਉਪਰੰਤ ਕੁਦਰਤ ਸਾਜੀ ਤੇ ਇਸ ਵਿੱਚ ਹੀ ਸਮਾਇਆ ਹੋਇਆ ਹੈ। ਸੋ, ਜਦੋਂ ਅਸੀਂ ਕੁਦਰਤ ਦੇ ਸਰੂਪ ਨਾਲ ਛੇੜਛਾੜ ਕਰਦੇ ਹਾਂ ਤਾਂ ਇਸ ਤੋਂ ਸਿੱਧ ਹੈ ਕਿ ਅਸੀਂ ਸਿੱਧੇ ਤੌਰ 'ਤੇ ਰੱਬ ਨਾਲ ਮੱਥਾ ਲਗਾ ਰਹੇ ਹਾਂ ਜੋ ਅਸੂਲਣ ਤੇ ਸਿਧਾਂਤਕ ਤੌਰ 'ਤੇ ਗ਼ਲਤ ਹੈ। ਇਹ ਸਭ ਸਾਨੂੰ ਘੋਰ ਅੰਧਕਾਰ, ਅਤਿਅੰਤ ਖ਼ਤਰਨਾਕ ਸਿੱਟਿਆਂ ਵਾਲੇ ਪਾਸੇ ਧੱਕ ਰਿਹਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਕੁਦਰਤ ਦੀ ਰਚਨਾ ਕਰਕੇ ਇਸ ਨੂੰ ਮਾਲੀ ਰੂਪ ਵਿੱਚ ਪਰਮਾਤਮਾ ਆਪ ਹੀ ਇਸ ਵਾੜੀ ਦੀ ਰੱਖਿਆ ਕਰ ਰਿਹਾ ਹੈ। ਇਸ ਵਾੜੀ ਦੀ ਸਾਂਭ-ਸੰਭਾਲ ਅਤੇ ਰੱਖਿਆ ਕਰਦਿਆਂ ਸਾਨੂੰ ਸੁੱਖ-ਸਕੂਨ ਦੀਆਂ ਸੁਵਿਧਾਵਾਂ ਪ੍ਰਦਾਨ ਕਰ ਰਿਹਾ ਹੈ।ਉਸ ਦੀ ਦੇਖ-ਰੇਖ ਤੋਂ ਕੋਈ ਵੀ ਪਰ੍ਹੇ ਨਹੀਂ ਹੈ।ਉਹ ਇਕਸਾਰ ਸਭਨਾਂ ਦੀ ਸੰਭਾਲਨਾ ਕਰ ਰਿਹਾ ਹੈ। ਆਪ ਜੀ ਦਾ ਫ਼ਰਮਾਨ ਹੈ

**ਇਹੁ ਜਗੁ ਬਾੜੀ ਮੇਰਾ ਪ੍ਰਭੁ ਮਾਲੀ॥**
**ਸਦਾ ਸਮਾਲੇ ਕੋ ਨਾਹੀ ਖਾਲੀ॥** (ਮ:੧, ਅੰਗ ੧੧੮)

ਕਰਤਾ ਪੁਰਖ ਆਪ ਹੀ ਸਭ ਜੀਵਾਂ ਨੂੰ ਪੈਦਾ ਕਰਕੇ ਪਿਤਾ ਰੂਪ ਵਿੱਚ ਸਭਨਾਂ ਦੀ ਪਾਲਣਾ ਕਰ ਰਿਹਾ ਹੈ।ਸਭ ਜੀਵਾਂ ਨੂੰ ਰਿਜ਼ਕ ਦੇ ਕੇ ਸੰਭਾਲ ਵੀ ਰਿਹਾ ਹੈ। ਕੁਦਰਤ ਦੇ ਰੂਪ ਵਿੱਚ ਪਰਮਾਤਮਾ ਅਨੰਤ ਦਾਤਾਂ ਬਖਸ਼ ਕੇ ਸਾਡੀ ਸਭ ਦੀ ਸੰਭਾਲ ਕਰ ਰਿਹਾ ਹੈ।ਸਾਨੂੰ ਵੀ ਉਸ ਦੀਆਂ ਦਾਤਾਂ ਨੂੰ ਸੰਭਾਲ ਕੇ ਵਰਤਣਾ ਚਾਹੀਦਾ ਹੈ। ਜਿਵੇਂ ਇੱਕ ਪਿਤਾ ਆਪਣੇ ਬੱਚਿਆਂ ਨੂੰ ਸੌਗਾਤਾਂ ਦਿੰਦਾ ਹੈ। ਜਿਹੜਾ ਬੱਚਾ ਉਸ ਸੌਗਾਤ ਨੂੰ ਸੰਭਾਲ ਕੇ ਉਸੇ ਰੂਪ ਵਿੱਚ ਰੱਖਦਾ ਹੈ ਪਿਤਾ ਵੱਲੋਂ ਖੁਸ਼ ਹੋ ਕੇ ਉਸਨੂੰ ਸ਼ਾਬਾਸ਼ ਦਿੱਤੀ ਜਾਂਦੀ ਹੈ ਤੇ ਹੋਰ ਵੀ ਸੌਗਾਤਾਂ ਦੇਣ ਲਈ ਵਾਅਦਾ ਕੀਤਾ ਜਾਂਦਾ ਹੈ। ਜੋ ਬੱਚਾ ਸੌਗਾਤਾਂ ਨੂੰ ਨਹੀਂ ਸੰਭਾਲਦਾ ਪਿਤਾ ਉਸ ਨਾਲ ਨਾਰਾਜ਼ ਹੁੰਦਾ ਹੈ। ਇਸੇ ਪ੍ਰਕਾਰ ਕਰਤਾ ਵੱਲੋਂ ਦਿੱਤੀਆਂ ਗਈਆਂ ਦਾਤਾਂ ਨੂੰ ਅਸੀਂ ਚੰਗੇ ਪੁੱਤਰਾਂ ਵਾਂਗ ਸੰਭਾਲਾਂਗੇ ਤਾਂ ਉਹ ਤਰੁੱਠ ਕੇ ਸਾਨੂੰ ਹੋਰ ਵੀ ਸੁਖਮਈ ਤੇ ਸਕੂਨ ਵਾਲੀਆਂ ਦਾਤਾਂ ਬਖਸ਼ਦਾ ਰਹੇਗਾ।ਸਾਰੇ ਪੁਰਖਾਂ, ਬਿਰਖਾਂ, ਤੀਰਥਾਂ, ਨਦੀਆਂ ਦੇ ਤੱਟ, ਬੱਦਲ, ਖੇਤ,



ਦੀਪ ਸਾਰੇ ਲੋਆਂ ਜਿਵੇਂ ਸੂਰਜ, ਪ੍ਰਿਥਵੀ, ਪਾਤਾਲ, ਮੰਡਲਾਂ, ਖੰਡ, ਬ੍ਰਹਿਮੰਡ, ਮੇਰ ਆਦਿ ਪਰਬਤ, ਚਾਰੇ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੇ ਜੀਵ-ਜੰਤੂ, ਇਹਨਾਂ ਸਭ ਦੀ ਗਿਣਤੀ ਦਾ ਅੰਦਾਜ਼ਾ ਉਹੀ ਪ੍ਰਭੂ ਜਾਣਦਾ ਹੈ, ਜਿਸ ਨੇ ਇਹ ਸਭ ਪੈਦਾ ਕੀਤੇ ਹਨ ਅਤੇ ਪੈਦਾ ਕਰਕੇ ਪਾਲਣ ਦਾ ਫ਼ਿਕਰ ਵੀ ਉਸ ਨੂੰ ਆਪ ਹੀ ਹੈ-

**ਪੁਰਖਾਂ ਬਿਰਖਾਂ ਤੀਰਥਾਂ ਤਟਾਂ ਮੇਘਾਂ ਖੇਤਾਂਹ॥**
**ਦੀਪਾਂ ਲੋਆਂ ਮੰਡਲਾਂ ਖੰਡਾਂ ਵਰਭੰਡਾਂਹ॥**
**ਅੰਡਜ ਜੇਰਜ ਉਤਭੁਜਾਂ ਖਾਣੀ ਸੇਤਜਾਂਹ॥**
**ਸੋ ਮਿਤਿ ਜਾਣੈ ਨਾਨਕਾ ਸਰਾਂ ਮੇਰਾਂ ਜੰਤਾਹ॥**
**ਨਾਨਕ ਜੰਤ ਉਪਾਇ ਕੈ ਸੰਮਾਲੇ ਸਭਨਾਹ॥**
**ਜਿਨਿ ਕਰਤੈ ਕਰਣਾ ਕੀਆ ਚਿੰਤਾ ਭਿ ਕਰਣੀ ਤਾਹ॥**

(ਮ: ੧, ਅੰਗ ੪੬੭)

ਅਸੀਂ ਉਦੋਂ ਹੀ ਕਿਸੇ ਚੀਜ਼ ਦੀ ਸਾਂਭ-ਸੰਭਾਲ ਜਾਂ ਕਦਰ ਕਰਦੇ ਹਾਂ ਜਦੋਂ ਸਾਨੂੰ ਉਸਦੀ ਮਹੱਤਤਾ ਦਾ ਸਹੀ ਅਰਥਾਂ ਵਿੱਚ ਪਤਾ ਲੱਗਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਕੁਦਰਤੀ ਰਜ਼ਾ ਦਾ ਅਰਥ ਸਮਝਾਇਆ ਕਿ ਕਿਵੇਂ ਕੁਦਰਤ ਨੂੰ ਸਹਿਜ ਰੂਪ ਵਿੱਚ ਮਾਣ ਕੇ ਹੀ ਆਨੰਦ ਤੇ ਸਕੂਨ ਭਰਪੂਰ ਜ਼ਿੰਦਗੀ ਦਾ ਪ੍ਰਵਾਹ ਸੰਭਵ ਹੋ ਸਕਦਾ ਹੈ।ਗੁਰੂ ਸਾਹਿਬ ਜੀ ਅਨੁਸਾਰ ਕਾਦਰ ਦੇ ਹੁਕਮ ਵਿੱਚ ਰਹਿ, ਉਸ ਦੀ ਰਜ਼ਾ ਨੂੰ ਮਾਣਦੇ ਹੋਏ ਹੀ ਵਾਤਾਵਰਨ ਨਾਲ ਛੇੜ-ਛਾੜ ਕੀਤੇ ਬਿਨਾਂ ਕੁਦਰਤ ਵੱਲੋਂ ਬਖ਼ਸ਼ੀਆਂ ਸੁਵਿਧਾਵਾਂ ਨੂੰ ਮਾਣਿਆ ਜਾ ਸਕਦਾ ਹੈ। ਕੁਦਰਤੀ ਸਾਧਨਾਂ ਦੀ ਅਹਿਮੀਅਤ ਨੂੰ ਗੁਰੂ ਨਾਨਕ ਦੇਵ ਜੀ ਨੇ ਬਾਣੀ ਅੰਦਰ ਬਾਰ-ਬਾਰ ਸਮਝਾਇਆ ਹੈ ਕਿ ਕਿਵੇਂ ਪਾਣੀ, ਧਰਤੀ, ਹਵਾ ਤੇ ਆਲੇ-ਦੁਆਲੇ ਨੂੰ ਉਸਦੇ ਕੁਦਰਤੀ ਰੂਪ ਵਿੱਚ ਹੀ ਰਹਿਣ ਦੇਣਾ ਜ਼ਰੂਰੀ ਹੈ। ਸਾਰੀ ਸ੍ਰਿਸ਼ਟੀ ਉਸਦੇ ਹੁਕਮ ਵਿੱਚ ਬੱਝੀ ਹੋਈ ਚਲਾਇਮਾਨ ਹੈ। ਇਸ ਦੀ ਨਿਰੰਤਰਤਾ ਹੀ ਸਾਡੇ ਜੀਵਨ ਦਾ ਸਹੀ ਪ੍ਰਵਾਹ ਹੈ।ਸੂਰਜ, ਚੰਦਰਮਾ, ਪਾਣੀ, ਧਰਤੀ ਸਭ ਅਕਾਲ ਪੁਰਖ ਦੇ ਹੁਕਮ ਵਿੱਚ ਪ੍ਰਵਾਹਿਤ ਹਨ, ਜੋ ਲਗਾਤਾਰ ਮਨੁੱਖਤਾ ਦੀ ਸੇਵਾ ਬਿਨਾਂ ਕਿਸੇ ਭੇਦ-ਭਾਵ ਦੇ ਕਰ ਰਹੇ ਹਨ। ਹਵਾ ਸਦਾ ਰੱਬ ਦੇ ਡਰ ਵਿੱਚ ਚਲ ਰਹੀ ਹੈ। ਲੱਖਾਂ ਦਰਿਆ ਵੀ ਭੈਅ ਵਿੱਚ ਹਨ। ਅੱਗ ਜੋ ਸਾਡੀ ਸਭ ਦੀ ਸੇਵਾ ਕਰ ਰਹੀ ਹੈ, ਇਹ ਵੀ ਭੈਅ ਵਿੱਚ ਹੈ।ਸੂਰਜ, ਚੰਦਰਮਾ ਕਰੋੜਾਂ ਮੀਲ ਪੈਂਡਾ ਰੱਬੀ ਭੈਅ ਅੰਦਰ ਹੀ ਕਰਦੇ

ਹਨ, ਜਿਸ ਦਾ ਕੋਈ ਅੰਤ ਨਹੀਂ ਹੁੰਦਾ। ਸਿੱਧ, ਬੁੱਧ, ਨਾਥ, ਦੇਵਤੇ ਸਭ ਕੁਦਰਤੀ ਭੈਅ ਵਿੱਚ ਹੀ ਚਲ ਰਹੇ ਹਨ। ਮੇਘ (ਬੱਦਲ) ਵੀ ਉਸ ਦੀ ਰਜ਼ਾ ਵਿੱਚ ਉੱਡਦੇ ਹਨ। ਆਕਾਸ਼ ਵੀ ਕੁਦਰਤੀ ਨਿਯਮਾਂ ਦੇ ਤਹਿਤ ਹੀ ਪ੍ਰਵਾਹਿਤ ਹਨ।ਗੁਰੂ ਨਾਨਕ ਦੇਵ ਜੀ ਇਸ ਪ੍ਰਥਾਇ ਫ਼ਰਮਾਨ ਕਰਦੇ ਹਨ-

**ਭੈ ਵਿਚਿ ਪਵਣੁ ਵਹੈ ਸਦਵਾਉ॥**
**ਭੈ ਵਿਚਿ ਚਲਹਿ ਲਖ ਦਰੀਆਉ॥**
**ਭੈ ਵਿਚਿ ਅਗਨਿ ਕਢੈ ਵੇਗਾਰਿ॥**
**ਭੈ ਵਿਚਿ ਧਰਤੀ ਦਬੀ ਭਾਰਿ॥**
**ਭੈ ਵਿਚਿ ਇੰਦੁ ਫਿਰੈ ਸਿਰ ਭਾਰਿ॥**
**ਭੈ ਵਿਚਿ ਰਾਜਾ ਧਰਮੁ ਦੁਆਰੁ॥**
**ਭੈ ਵਿਚਿ ਸੂਰਜੁ ਭੈ ਵਿਚਿ ਚੰਦੁ॥**
**ਕੋਹ ਕਰੋੜੀ ਚਲਤ ਨ ਅੰਤੁ॥**
**ਭੈ ਵਿਚਿ ਸਿਧ ਬੁਧ ਸੁਰ ਨਾਥ॥**
**ਭੈ ਵਿਚਿ ਆਡਾਣੇ ਆਕਾਸ॥**
**ਭੈ ਵਿਚਿ ਜੋਧ ਮਹਾਬਲ ਸੂਰ॥**
**ਭੈ ਵਿਚਿ ਆਵਹਿ ਜਾਵਹਿ ਪੂਰ॥**
**ਸਗਲਿਆ ਭਉ ਲਿਖਿਆ ਸਿਰਿ ਲੇਖੁ॥**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥**

(ਮ:੧, ਅੰਗ ੪੬੪)

ਗੁਰੂ ਸਾਹਿਬ ਜੀ ਅਨੁਸਾਰ ਅਰੂਪ ਰੂਪਮਾਨ ਹੋਇਆ ਅਤੇ ਉਸ ਨੇ ਸਾਰੀ ਕਾਇਨਾਤ ਵਿੱਚ ਰਹਿ ਕੇ ਇਸ ਨੂੰ ਚਲਾਉਣਾ ਕੀਤਾ। ਰੱਬ ਦੀ ਹੋਂਦ ਕੁਦਰਤ ਰਾਹੀਂ ਹੀ ਸ਼ਾਹਦੀ ਰੂਪ ਹੈ। ਅਕਾਲ ਪੁਰਖ ਦਾਤਾਰ ਹੈ, ਜਿਸ ਦੀ ਸਾਰੀ ਦੀ ਸਾਰੀ ਦਾਤ ਕੁਦਰਤ ਦੇ ਰੂਪ ਵਿੱਚ ਸਾਨੂੰ ਮਿਲੀ ਹੈ। ਦਾਤਾਰ ਸੱਚ ਹੈ। ਕੁਦਰਤ ਉਸ ਸੱਚ ਦੀ ਸ਼ਨਾਖ਼ਤ ਹੈ। 'ਮਹਾਨਕੋਸ਼' ਵਿੱਚ ਭਾਈ ਕਾਹਨ ਸਿੰਘ ਜੀ ਨਾਭਾ ਵੱਲੋਂ ਕੁਦਰਤ ਦੇ ਅਰਥ 'ਤਾਕਤ' ਜਾਂ 'ਸ਼ਕਤੀ' ਕੀਤੇ ਗਏ ਹਨ। ਕੁਦਰਤ ਦੀ ਉਪਜ ਕਾਦਰ ਦੁਆਰਾ ਹੋਈ ਹੈ। ਸੱਚੇ ਦਾਤਾਰ ਨੇ ਪਹਿਲਾਂ ਪਵਣ ਪੈਦਾ ਕੀਤੀ, ਫਿਰ ਪਵਣ ਤੋਂ ਪਾਣੀ ਅਤੇ ਪਾਣੀ ਤੋਂ ਤਿੰਨ ਭਵਨਾਂ (ਧਰਤੀ, ਆਕਾਸ਼ ਤੇ ਪਾਤਾਲ) ਦੀ ਰਚਨਾ ਕੀਤੀ ਅਤੇ ਆਪ ਕਾਇਨਾਤ ਵਿੱਚ ਵਿਦਮਾਨ ਹੋ ਗਿਆ-



**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥**
**ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥**

(ਮ:੧, ਅੰਗ ੧੯)

ਜਦੋਂ ਅਸੀਂ ਉਸ ਦੀ ਸਾਜੀ ਕੁਦਰਤ ਨੂੰ ਸਮਝ ਕੇ ਮੰਨ ਲੈਂਦੇ ਹਾਂ ਤਾਂ ਮੰਨਣ ਵਾਲੇ ਨੂੰ ਉਸ ਦੇ ਸਾਰੇ ਭਵਨਾਂ ਦੀ ਸੋਝੀ ਹੋ ਜਾਂਦੀ ਹੈ ਭਾਵ ਸੰਸਾਰਕ ਖੇਤਰਾਂ ਦੀ ਵੀ ਸੋਝੀ ਹੋ ਜਾਂਦੀ ਹੈ।ਸੰਸਾਰਕ ਪੱਧਰ 'ਤੇ ਉਚੇਰਾ ਜੀਵਨ ਜਿਊਣ ਲਈ ਆਲੇ-ਦੁਆਲੇ ਦੀ ਸੋਝੀ ਹੋਣਾ ਬਹੁਤ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਉਲੇਖ ਕਰਦੇ ਹਨ :

**ਮੰਨੈ ਸਗਲ ਭਵਣ ਕੀ ਸੁਧਿ॥** (ਮ:੧, ਅੰਗ ੩)

ਅਜਿਹੀ ਸੋਝੀ ਹੋਣ ਨਾਲ ਹੀ ਅਸੀਂ ਆਪਣੇ ਆਪ ਅਤੇ ਵਾਤਾਵਰਨ ਦੀ ਸੰਭਾਲ ਸਹੀ ਅਰਥਾਂ ਵਿੱਚ ਕਰ ਸਕਦੇ ਹਾਂ। ਮਨੁੱਖ ਨੂੰ ਕੁਦਰਤੀ ਨਜ਼ਾਰਿਆਂ ਤੇ ਉਸ ਦੀਆਂ ਨਿਆਮਤਾਂ, ਬਰਕਤਾਂ ਸਮਝ ਆਉਣ ਉਪਰੰਤ ਆਨੰਦਮਈ ਜੀਵਨ ਦਾ ਅਹਿਸਾਸ ਹੁੰਦਾ ਹੈ।ਕੁਦਰਤ ਦੀ ਇਸ ਖ਼ੂਬਸੂਰਤੀ ਵਿੱਚ ਗੁਆਚਣਾ, ਆਪਾ ਭਾਵ ਖ਼ਤਮ ਕਰਕੇ ਇਸ ਵਿਸਮਾਦੀ ਅਨੁਭਵ ਨੂੰ ਮਾਣਨਾ ਹੀ ਕਰਤਾ ਨਾਲ ਅਸਲ ਮਿਲਾਪ ਦਾ ਵਸੀਲਾ ਹੈ। ਉਸ ਦੀਆਂ ਹੈਰਾਨ ਕਰ ਦੇਣ ਵਾਲੀਆਂ ਵਿਲੱਖਣ ਕਿਰਤਾਂ ਨੂੰ ਪਿਆਰਨਾ ਤੇ ਦੁਲਾਰਨਾ ਹੀ ਅਭੇਦਤਾ ਹੈ। ਗੁਰੂ ਨਾਨਕ ਦੇਵ ਜੀ ਆਸਾ ਕੀ ਵਾਰ ਅੰਦਰ ਇਸ ਵਿਸਮਾਦੀ ਅਨੁਭਵ ਨੂੰ ਚਿਤਰਦੇ ਹੋਏ ਦੱਸਦੇ ਹਨ ਕਿ ਕਿਵੇਂ ਹੈਰਾਨਗੀ ਦਾ ਰਸ ਪੈਦਾ ਹੁੰਦਾ ਹੈ? ਜਦੋਂ ਅਸੀਂ ਅਸਚਰਜ ਕੁਦਰਤ ਨੂੰ ਸਮਝ ਲੈਂਦੇ ਹਾਂ, ਕੁਦਰਤ ਦੇ ਬੇਅੰਤ ਰੰਗ ਹੈਰਾਨਗੀ ਪੈਦਾ ਕਰਦੇ ਹਨ, ਅਦਭੁਤ ਨਜ਼ਾਰੇ ਮਹਿਸੂਸ ਹੁੰਦੇ ਹਨ । ਜਦੋਂ ਮੈਂ ਕਈ ਨਾਦ, ਕੰਨਾਂ ਨੂੰ ਮਿਠਾਸ ਦੇਣ ਵਾਲੀਆਂ ਆਵਾਜ਼ਾਂ ਸੁਣਦਾ ਹਾਂ, ਜੀਵਾਂ ਦੇ ਕਈ ਰੂਪ, ਪਦਾਰਥਾਂ ਦੇ ਰੂਪ ਤੇ ਰੰਗ ਦੇਖਦਾ ਹਾਂ ਤਾਂ ਵਿਸਮਾਦ ਵਾਲੀ ਅਵਸਥਾ ਬਣਦੀ ਹੈ। ਕਈ ਜੀਵ ਨੰਗੇ ਹੀ ਫਿਰਦੇ ਰਹਿੰਦੇ ਹਨ, ਕਿਤੇ ਪਉਣ ਹੈ, ਪਾਣੀ ਹੈ, ਕਿਤੇ ਅਗਨੀਆਂ ਅਚਰਜ ਖੇਡਾਂ ਖੇਡ ਰਹੀਆਂ ਹਨ। ਧਰਤੀ ਤੇ ਧਰਤੀ 'ਤੇ ਪੈਦਾ ਹੋਏ ਜੀਵਾਂ ਦੀ ਉੱਤਪਤੀ ਦੀਆਂ ਚਾਰ ਖਾਣੀਆਂ, ਇਹ ਸਭ ਦੇਖ ਅਸਚਰਜ ਤੇ ਅਦਭੁਤ ਅਹਿਸਾਸ ਹੁੰਦਾ ਹੈ। ਕਿਤੇ ਜੀਵਾਂ ਦਾ ਮੇਲ ਤੇ ਕਿਤੇ ਵਿਛੋੜਾ ਹੁੰਦਾ ਹੈ। ਕਿਤੇ ਮਾਲਕ ਦੇ ਗੁਣਾਂ ਦੀ ਸਿਫ਼ਤ ਹੋ ਰਹੀ ਹੈ, ਕਿਤੇ ਔਜੜ ਅਤੇ ਕਿਤੇ ਰਸਤੇ ਹਨ। ਇਸ ਸਭ ਨੂੰ ਦੇਖ ਮਨ ਹੈਰਤ ਹੁੰਦਾ ਹੈ। ਕੋਈ ਕਹਿੰਦਾ ਹੈ ਰੱਬ ਨੇੜੇ ਹੈ, ਕੋਈ

ਕਹਿੰਦਾ ਦੂਰ ਹੈ; ਪਰ ਉਹ ਸਭ ਥਾਂ ਵਿਆਪਕ ਹੋ ਕੇ ਸਭਨਾਂ ਦੀ ਸੰਭਾਲ ਕਰ ਰਿਹਾ ਹੈ।ਇਸ ਕੌਤਕ ਨੂੰ ਦੇਖ ਕੇ ਝਰਨਾਹਟਾਂ ਪੈਦਾ ਹੋ ਰਹੀਆਂ ਹਨ।ਹੇ ਨਾਨਕ!ਇਸ ਇਲਾਹੀ ਵਰਤਾਰੇ ਨੂੰ ਵੱਡੇ ਭਾਗਾਂ ਨਾਲ ਹੀ ਸਮਝਿਆ ਜਾ ਸਕਦਾ ਹੈ।ਆਪ ਜੀ ਦਾ ਫ਼ਰਮਾਨ ਹੈ–

**ਵਿਸਮਾਦੁ ਨਾਦ ਵਿਸਮਾਦੁ ਵੇਦ॥**
**ਵਿਸਮਾਦੁ ਜੀਅ ਵਿਸਮਾਦੁ ਭੇਦ॥**
**ਵਿਸਮਾਦੁ ਰੂਪ ਵਿਸਮਾਦੁ ਰੰਗ॥**
**ਵਿਸਮਾਦੁ ਨਾਗੇ ਫਿਰਹਿ ਜੰਤ॥**
**ਵਿਸਮਾਦੁ ਪਉਣੁ ਵਿਸਮਾਦੁ ਪਾਣੀ॥**
**ਵਿਸਮਾਦੁ ਅਗਨੀ ਖੇਡਹਿ ਵਿਡਾਣੀ॥**
**ਵਿਸਮਾਦੁ ਧਰਤੀ ਵਿਸਮਾਦੁ ਖਾਣੀ॥**
**ਵਿਸਮਾਦੁ ਸਾਦਿ ਲਗਹਿ ਪਰਾਣੀ॥**
**ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥**
**ਵਿਸਮਾਦੁ ਭੁਖ ਵਿਸਮਾਦੁ ਭੋਗੁ॥**
**ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ॥**
**ਵਿਸਮਾਦੁ ਉਝੜ ਵਿਸਮਾਦੁ ਰਾਹ॥**
**ਵਿਸਮਾਦੁ ਨੇੜੈ ਵਿਸਮਾਦੁ ਦੂਰਿ॥**
**ਵਿਸਮਾਦੁ ਦੇਖੈ ਹਾਜਰਾ ਹਜੂਰਿ॥**
**ਵੇਖਿ ਵਿਡਾਣੁ ਰਹਿਆ ਵਿਸਮਾਦੁ॥**
**ਨਾਨਕ ਬੁਝਣੁ ਪੂਰੈ ਭਾਗਿ॥**

(ਮ:੧, ਅੰਗ ੪੬੩)

ਇਸ ਵਿਸਮਾਦੀ ਅਵਸਥਾ ਨੂੰ ਸਮਝਣਾ,ਪਾਉਣਾ ਤੇ ਮਹਿਸੂਸਣਾ ਆਪਣੇ ਆਪ ਵਿੱਚ ਕੁਦਰਤ ਨੂੰ ਗਲਵਕੜੀ ਪਾ ਆਨੰਦਿਤ ਹੋਣਾ ਹੈ।ਇਹ ਆਨੰਦ ਚਿਰ ਸਥਾਈ ਹੈ, ਜੋ ਅਕਾਲ ਪੁਰਖ ਦੇ ਸਰਗੁਣ ਸਰੂਪ ਨੂੰ ਸਮਝਣ ਦਾ ਅਸਲੀ ਵਸੀਲਾ ਹੈ। ਇਹ ਕੁਦਰਤ ਅਕਾਲ ਪੁਰਖ ਦਾ ਪ੍ਰਗਟਾਅ ਹੈ ਤੇ ਇਸ ਪ੍ਰਗਟਾਅ ਨੂੰ ਪਿਆਰਨਾ, ਸਤਿਕਾਰਨਾ, ਅਧਿਆਤਮਵਾਦ ਦਾ ਮੁੱਢਲਾ ਅਸੂਲ ਹੈ।ਜਦੋਂ ਅਸੀਂ ਕਾਦਰ ਦੀ ਕੁਦਰਤ ਨੂੰ ਸਹੀ ਅਰਥਾਂ ਵਿੱਚ ਸਮਝ ਲੈਂਦੇ ਹਾਂ ਤਾਂ ਉਸ ਪ੍ਰਤੀ ਬਣਦੇ ਫ਼ਰਜ਼ਾਂ ਨੂੰ ਪੂਰਾ ਕਰਦੇ ਹਾਂ।ਜਗਿਆਸੂ ਦੀ ਅਵਸਥਾ ਨੂੰ ਗੁਰੂ ਨਾਨਕ ਦੇਵ ਜੀ ਇੰਵ ਬਿਆਨ ਕਰਦੇ ਹਨ ਕਿ ਉਸ ਨੂੰ ਆਲਾ-ਦੁਆਲਾ



ਸੱਚ ਸਰੂਪ ਲਗਣ ਲੱਗ ਜਾਂਦਾ ਹੈ।ਸ੍ਰਿਸ਼ਟੀ ਦਾ ਆਕਾਰ ਪਿਆਰਾ ਲਗਦਾ ਹੈ। ਢੂੰਡਾਊ ਇਸ ਨੂੰ ਸਵਾਰਦਾ ਤੇ ਨਿਹਾਰਦਾ ਹੋਇਆ ਇੰਵ ਅਨੁਭਵ ਕਰਦਾ ਹੈ—ਹੇ ਸੱਚੇ ਪਾਤਸ਼ਾਹ! ਤੇਰੇ ਕੀਤੇ ਹੋਏ ਖੰਡ ਬ੍ਰਹਿਮੰਡ ਸੱਚੇ ਹਨ, ਅਟੱਲ ਹਨ। ਇਹ ਸਿਰਜੇ ਹੋਏ ਲੋਕ ਅਤੇ ਆਕਾਰ ਵੀ ਸੱਚੇ ਹਨ। ਤੇਰੇ ਕੀਤੇ ਕੰਮ ਅਤੇ ਵਿਚਾਰਾਂ ਸੱਚੀਆਂ ਤੇ ਸਦਾ ਥਿਰ ਹਨ। ਹੇ ਪਾਤਸ਼ਾਹ! ਤੇਰੀ ਪਾਤਸ਼ਾਹੀ ਤੇਰੇ ਦਰਬਾਰ ਸੱਚੇ ਹਨ, ਤੇਰੀਆਂ ਬਖ਼ਸ਼ਿਸ਼ਾਂ, ਪਦਾਰਥ ਜੋ ਜੀਵਾਂ ਨੂੰ ਦੇ ਰਹੇ ਹੋ ਸੱਚੇ ਹਨ।ਲੱਖਾਂ ਕਰੋੜਾਂ ਜੀਵ ਜੋ ਤੈਨੂੰ ਸਿਮਰਦੇ ਸੱਚੇ ਹਨ।ਤੇਰੀ ਸਿਫ਼ਤ ਸਲਾਹ ਕਰਨੀ ਇੱਕ ਅਟੱਲ ਸਿਲਸਿਲਾ ਹੈ।ਇਹ ਸਾਰੀ ਕੁਦਰਤ ਤੇਰਾ ਨਾ ਮੁੱਕਣ ਵਾਲਾ ਪ੍ਰਬੰਧ ਹੈ। ਹੇ ਨਾਨਕ!ਜੋ ਜੀਵ ਅਬਿਨਾਸੀ ਪ੍ਰਭੂ ਤੈਨੂੰ ਸਿਮਰਦੇ ਹਨ ਉਹ ਤੇਰਾ ਰੂਪ ਹਨ।' ਆਸਾ ਕੀ ਵਾਰ ਅੰਦਰ ਆਪ ਜੀ ਦਾ ਫ਼ਰਮਾਨ ਹੈ–

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ ਸਚੇ ਆਕਾਰ॥**
**ਸਚੇ ਤੇਰੇ ਕਰਣੇ ਸਰਬ ਬੀਚਾਰ॥ ਸਚਾ ਤੇਰਾ ਅਮਰੁ ਸਚਾ ਦੀਬਾਣੁ॥**
**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥ ਸਚਾ ਤੇਰਾ ਕਰਮੁ ਸਚਾ ਨੀਸਾਣੁ॥**
**ਸਚੇ ਤੁਧੁ ਆਖਹਿ ਲਖ ਕਰੋੜਿ॥ਸਚੈ ਸਭਿ ਤਾਣਿ ਸਚੈ ਸਭਿ ਜੋਰਿ॥**
**ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥**
**ਨਾਨਕ ਸਚੁ ਧਿਆਇਨਿ ਸਚੁ॥ ਜੋ ਮਰਿ ਜੰਮੇ ਸੁ ਕਚੁ ਨਿਕਚੁ॥**

(ਮ:੧, ਅੰਗ ੪੬੩)

ਜਦੋਂ ਪ੍ਰਾਣੀ ਮਾਤਰ ਅਕਾਲ ਪੁਰਖ ਦੀ ਮਨਮੋਹਕ ਰਚਨਾ ਭਾਵ ਕੁਦਰਤ ਨੂੰ ਪਿਆਰ ਕਰਨ ਲੱਗ ਜਾਂਦਾ ਹੈ ਤਾਂ ਉਸ ਨੂੰ ਸਾਰੇ ਪਾਸੇ ਕੁਦਰਤ ਦਾ ਮਿੱਠਾ ਰੂਪ ਸਕੂਨ ਤੇ ਆਨੰਦ ਦਿੰਦਾ ਹੈ।ਉਹ ਉਸਦੇ ਸਰਗੁਣ ਸਰੂਪ ਨੂੰ ਮਾਣਦਾ ਹੈ।ਗੁਰੂ ਨਾਨਕ ਦੇਵ ਜੀ ਅਨੁਸਾਰ ਜੋ ਕੁਝ ਦਿਸ ਰਿਹਾ ਹੈ ਉਹ ਸਭ ਅਕਾਲ ਪੁਰਖ ਦੀ ਹੀ ਕਲਾ ਹੈ।ਆਕਾਸ਼ ਤੇ ਪਾਤਾਲ ਦ੍ਰਿਸ਼ਟਮਾਨ ਸਰੂਪ ਹੀ ਸੁੱਖਾਂ ਦਾ ਮੂਲ ਹੈ, ਅਦੁੱਤੀ ਕੁਦਰਤ ਹੈ। ਵੇਦ, ਪੁਰਾਣ, ਕਤੇਬਾਂ, ਜੀਵਾਂ ਦਾ ਖਾਣ-ਪੀਣ, ਪਹਿਨਣ, ਸਾਰਾ ਜਗਤ ਪਸਾਰਾ, ਵਿਹਾਰ ਤੇਰੀ ਹੀ ਕੁਦਰਤ ਹੈ। ਜਾਤਾਂ, ਜਿਣਸਾਂ, ਰੰਗਾਂ ਅਤੇ ਜਗਤ ਜੀਵਾਂ ਵਿੱਚ ਤੇਰੀ ਹੀ ਕੁਦਰਤ ਵਰਤ ਰਹੀ ਹੈ।ਕਿਤੇ ਭਲਾਈ ਤੇ ਕਿਤੇ ਵਿਕਾਰ ਹਨ, ਇਹ ਤੇਰਾ ਅਚਰਜ ਕੌਤਕ ਹੈ।ਪਉਣ, ਪਾਣੀ, ਅਗਨੀ, ਧਰਤੀ ਦੀ ਖਾਕ ਆਦਿ ਤੱਤ ਤੇਰਾ ਹੀ ਤਮਾਸ਼ਾ ਹਨ।ਤੇਰੀ ਸਭ ਕਲਾ ਵਰਤ ਰਹੀ ਹੈ, ਕੁਦਰਤ ਦਾ ਮਾਲਕ ਤੂੰ ਆਪ ਹੀ ਹੈਂ।ਹੇ ਨਾਨਕ!ਇਸ ਸਾਰੀ ਕੁਦਰਤ ਨੂੰ ਆਪਣੇ ਹੁਕਮ ਵਿੱਚ ਰੱਖ ਕੇ ਸੰਭਾਲ

ਕਰ ਰਿਹਾ ਹੈ। ਸਭ ਜੀਵ ਤੇਰੀ ਨਦਰ ਦੇ ਮੁਹਤਾਜ ਹਨ।ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ-

**ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥**
**ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥**
**ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥**
**ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ॥**
**ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ॥**
**ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ॥**
**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ॥**
**ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ॥**
**ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ॥**

(ਮ:੧, ਅੰਗ ੪੬੪)

ਅਜਿਹੀ ਅਵਸਥਾ ਨੂੰ ਮਹਿਸੂਸ ਕਰਨ ਵਾਲਾ ਹਮੇਸ਼ਾ ਉਸ ਦੇ ਭਾਣੇ ਅੰਦਰ ਕੁਦਰਤ ਨੂੰ ਪਿਆਰ ਕਰਦਾ, ਸੇਵਾ ਸੰਭਾਲ ਕਰਦਾ ਹੈ। ਕੁਦਰਤ ਅੰਦਰ ਵੱਸੇ ਕਾਦਰ ਦੀ ਬੇਅੰਤਤਾ ਨੂੰ ਮਹਿਸੂਸ ਕਰਦਾ ਹੋਇਆ ਆਨੰਦਿਤ ਹੁੰਦਾ ਹੈ।ਜਿਹੜਾ ਪ੍ਰਾਣੀ ਇਸ ਪ੍ਰਕਿਰਿਆ ਨੂੰ ਸਮਝ ਲੈਂਦਾ ਹੈ ਤੇ ਕੁਦਰਤ ਦੀ ਸਾਂਭ-ਸੰਭਾਲ ਪ੍ਰਤੀ ਸੁਹਿਰਦ ਤੇ ਸੁਚੇਤ ਹੁੰਦਾ ਹੈ ਉਹ ਕਦੀ ਵੀ ਕੁਦਰਤ ਨਾਲ ਖਿਲਵਾੜ ਨਹੀਂ ਕਰਦਾ। ਉਹ ਕੁਦਰਤ ਦੀਆਂ ਸ਼ਾਂਤੀ ਪੂਰਵਕ ਗਤੀਵਿਧੀਆਂ ਵਿੱਚ ਵਿਘਨ ਨਹੀਂ ਆਉਣ ਦਿੰਦਾ ਹੈ। ਉਹ ਵਿਅਕਤੀ ਕੁਦਰਤ ਤੋਂ ਬਲਿਹਾਰ ਜਾਂਦਾ ਹੈ ਅਤੇ ਦੂਜਿਆਂ ਨੂੰ ਵੀ ਉਸ ਦੀ ਕੁਦਰਤ ਦੀ ਸ਼ਾਂਤੀ ਨੂੰ ਬਣਾਈ ਰੱਖਣ ਲਈ ਪ੍ਰੇਰਦਾ ਹੋਇਆ ਆਨੰਦ ਚਿੱਤ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਕੁਦਰਤ ਦੀ ਬੇਅੰਤਤਾ ਵਾਲੇ ਸਰੂਪ ਨੂੰ ਇੰਵ ਉਲੇਖ ਕਰਦੇ ਹਨ-

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥**

(ਮ:੧, ਅੰਗ ੪੬੯)



## ਪਦਾਰਥਵਾਦ ਦਾ ਤਿਆਗ ਅਤੇ ਕੁਦਰਤ ਨਾਲ ਪਿਆਰ ਦੀ ਪ੍ਰੇਰਣਾ

ਸਾਨੂੰ ਜੀਵਨ ਵਿੱਚ ਦੁਨਿਆਵੀ ਲੋਭ, ਲਾਲਚ, ਹੰਕਾਰ, ਛੱਡ ਕੁਦਰਤ ਪ੍ਰਤੀ ਸੁਹਿਦਰਤਾ ਨਾਲ ਵਿਵਹਾਰ ਕਰਨਾ ਚਾਹੀਦਾ ਹੈ। ਆਲੇ-ਦੁਆਲੇ ਦੀ ਸਾਂਭ, ਕੁਦਰਤੀ ਸ੍ਰੋਤਾਂ ਪ੍ਰਤੀ ਸੰਜੀਦਗੀ ਨਾਲ ਧਿਆਨ ਦੇਣਾ ਚਾਹੀਦਾ ਹੈ। ਅਸੀਂ ਆਪਣੇ ਹੰਕਾਰ ਵੱਸ ਦੂਜਿਆਂ 'ਤੇ ਪੈਂਠ (ਰੋਹਬ) ਬਣਾਉਣ ਲਈ ਵਧੇਰੇ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਕਰਦੇ ਹਾਂ ਜੋ ਸਿਰਫ਼ ਬਰਬਾਦੀ ਹੈ। ਸਾਨੂੰ ਖ਼ਤਰੇ ਦੀਆਂ ਹੱਦਾਂ ਟੱਪਣ ਤੋਂ ਪਹਿਲੇ-ਪਹਿਲੇ ਸਮਝਦਾਰ ਬਣਨਾ ਚਾਹੀਦਾ ਹੈ।ਧਰਤੀ ਤਬਾਹੀ ਵੱਲ ਵਧ ਰਹੀ ਹੈ। ਸਾਨੂੰ ਬੇਫ਼ਿਕਰੀ ਵਾਲਾ ਰਵੱਈਆ ਛੱਡ ਕੇ ਗੁਰੂ ਨਾਨਕ ਦੇਵ ਜੀ ਦੀ ਹਿਦਾਇਤ ਮੰਨ ਕੇ ਵਾਤਾਵਰਣ ਦੀ ਸੰਭਾਲ ਲਈ ਜ਼ਿੰਮੇਵਾਰੀ ਸੰਭਾਲਣੀ ਚਾਹੀਦੀ ਹੈ।ਸਮੇਂ ਰਹਿੰਦੇ ਸਾਨੂੰ ਆਪਣਾ ਫ਼ਰਜ਼ ਪਹਿਚਾਣਨ ਦਾ ਹੁਕਮ ਗੁਰੂ ਸਾਹਿਬ ਇਸ ਪ੍ਰਕਾਰ ਕਰਦੇ ਹਨ-

**ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ॥**

(ਮ:੧, ਅੰਗ ੪੧੭)

ਕਾਦਰ ਦੀ ਸਾਜੀ ਖ਼ੂਬਸੂਰਤ ਰਚਨਾ ਨਾਲ ਗਲਵੱਕੜੀਆਂ ਪਾ ਮਨੁੱਖ ਬੇਸ਼ੁਮਾਰ ਅਦੁੱਤੀ ਆਨੰਦ ਮਹਿਸੂਸ ਕਰਦਾ ਹੈ।ਕੁਦਰਤ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਪਹਿਚਾਣਨ ਲੱਗ ਜਾਂਦਾ ਹੈ। ਕੁਦਰਤ ਪ੍ਰਤੀ ਸੁਹਿਰਦ ਭਾਵਨਾ ਤੇ ਸੰਵੇਦਨਸ਼ੀਲ ਵਿਚਾਰਧਾਰਾ ਰੱਖਦਾ ਹੈ। ਜਦੋਂ ਕੁਦਰਤ ਦੀਆਂ ਬਣਾਈਆਂ ਨਿਆਮਤਾਂ ਨਾਲ ਵਿਸਮਾਦੀ ਅਵਸਥਾ ਪ੍ਰਾਪਤ ਕਰਦਾ ਹੈ ਤਾਂ ਉਸ ਦਾ ਕੁਦਰਤ ਦੇ ਮਾਲਕ, ਰਚਨਹਾਰ ਨੂੰ ਚਿਤਵਣ ਨੂੰ ਚਿੱਤ ਅੰਗੜਾਈਆਂ ਲੈਂਦਾ ਹੈ। ਪੰਛੀਆਂ ਦੀ ਚਹਿ-ਚਹਾ ਕੰਨਾਂ ਨੂੰ ਮਿਠਾਸ ਦਿੰਦੀ ਹੈ। ਅਜਿਹੀ ਆਨੰਦ ਚਿੱਤ ਅਵਸਥਾ ਵਿੱਚ ਮਹਿਸੂਸ ਕਰਦਾ ਹੈ ਕਿ ਇਸ ਸਾਰੀ ਕੁਦਰਤ ਵਿੱਚ ਉਸ ਦਾ ਵਾਸਾ ਹੈ। ਚੇਤੇ ਰੱਖਣਾ ਚਾਹੀਦਾ ਹੈ ਕਿ ਖ਼ੁਸ਼ੀਆਂ ਖੇੜੇ ਪ੍ਰਾਪਤ ਕਰਨ ਲਈ ਕਾਦਰ ਦੀ ਕਿਰਤ ਨੂੰ ਪਿਆਰ ਕਰਨਾ ਬਹੁਤ ਜ਼ਰੂਰੀ ਹੈ। ਜੇ ਇਸ ਵਕਤ ਨੂੰ ਇਨਸਾਨ ਨਹੀਂ ਸਮਝਦਾ ਜਾਂ ਆਪਣੇ ਜੀਵਨ ਮਨੋਰਥ ਪ੍ਰਤੀ ਸੁਚੇਤ ਨਹੀਂ ਹੋਵੇਗਾ ਤਾਂ ਅੰਤ ਪਛਤਾਵਾ ਹੀ ਹੱਥ ਲੱਗੇਗਾ। ਅਸਲ ਬੰਦੇ ਦੀ ਪਛਾਣ ਹੈ ਕਿ ਉਹ ਆਪਣੇ ਆਲੇ ਦੁਆਲੇ ਨੂੰ ਸਾਫ਼-ਸੁਥਰਾ ਰੱਖਦਾ ਹੈ ਤੇ ਕੁਦਰਤ ਨਾਲ ਸੱਚੀ ਮੁਹੱਬਤ ਨਿਭਾਉਂਦਾ ਹੋਇਆ ਅਕਾਲ ਪੁਰਖ ਦੀ ਹੋਂਦ ਨੂੰ

ਦ੍ਰਿੜ੍ਹਤਾ ਨਾਲ ਮਹਿਸੂਸ ਕਰਦਾ ਹੈ। ਸਾਨੂੰ ਸੁਚੇਤ ਹੋ ਕੇ ਸਮੇਂ ਸਿਰ ਕੁਦਰਤ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਕਿਉਂਕਿ ਜੋ ਵਕਤ ਨੂੰ ਸੰਭਾਲਦਾ ਹੈ ਉਹ ਅਸਲ ਬੰਦਾ ਹੈ।ਗੁਰੂ ਸਾਹਿਬ ਜੀ ਦਾ ਹੁਕਮ ਇਸ ਪ੍ਰਕਾਰ ਹੈ-

**ਕੁਦਰਤਿ ਕਰਿ ਕੈ ਵਸਿਆ ਸੋਇ॥ ਵਖਤੁ ਵੀਚਾਰੇ ਸੁ ਬੰਦਾ ਹੋਇ॥**

(ਮ:੧, ਅੰਗ ੮੩)

ਸਾਦਾ ਜੀਵਨ ਨਿਰਬਾਹ ਹੀ ਸਾਨੂੰ ਕੁਦਰਤ ਸੰਬੰਧੀ ਦਰਪੇਸ਼ ਮੁਸ਼ਕਿਲਾਂ ਤੋਂ ਬਚਾਅ ਸਕਦਾ ਹੈ। ਇਹ ਧਰਤੀ ਬਨਸਪਤੀ ਤਾਂ ਹੀ ਸੁਹਾਵਣੀ ਮਨਮੋਹਕ ਰਹਿ ਸਕਦੀ ਹੈ ਜੇ ਅਸੀਂ ਇਸ ਦੀਆਂ ਬਰਕਤਾਂ ਨੂੰ ਸਮਝਦੇ ਹੋਏ ਸਤਿਕਾਰ ਸਹਿਤ ਸਾਂਭ-ਸੰਭਾਲ ਕਰਾਂਗੇ। ਕੁਦਰਤ ਅਪਹੁੰਚ ਹੈ। ਅਸੀਂ ਕੁਦਰਤ ਬਾਰੇ ਸਭ ਕੁਝ ਨਹੀਂ ਜਾਣ ਸਕਦੇ। ਸਾਨੂੰ ਕੁਦਰਤ ਨਾਲ ਮੱਥਾ ਲਗਾਉਣ ਦੀ ਬਜਾਇ ਸਤਿਕਾਰ ਦੇਣਾ ਤੇ ਕਰਤੇ ਦੀ ਰਚਨਾ ਦਾ ਧੰਨਵਾਦ ਕਰਨਾ ਚਾਹੀਦਾ ਹੈ।ਕੁਝ ਚੀਜ਼ਾਂ ਸਾਡੀ ਸਮਝ ਤੋਂ ਪਰ੍ਹੇ ਹਨ।ਖੰਡ-ਮੰਡਲ ਜੋ ਅਨੇਕਾਂ ਹਨ ਉਹ ਸਾਡੇ ਚਿੱਤ ਚੇਤੇ ਵੀ ਨਹੀਂ—

**ਹੋਰਿ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ॥**

(ਮ:੧, ਅੰਗ ੬)

ਸਾਨੂੰ ਆਪਣਾ ਆਲਾ-ਦੁਆਲਾ ਇਸ ਪ੍ਰਕਾਰ ਸਿਰਜ ਲੈਣਾ ਚਾਹੀਦਾ ਹੈ ਕਿ ਸਾਡੀ ਸ਼ਖ਼ਸੀਅਤ ਵਾਤਾਵਰਨ ਪ੍ਰੇਮੀ ਬਣੇ। ਸਾਡੇ ਪਰਿਵਾਰ, ਰਿਸ਼ਤੇਦਾਰ, ਦੋਸਤ-ਮਿੱਤਰ, ਜਾਣਕਾਰ ਸਾਡੇ ਤੋਂ ਕੁਦਰਤ ਨਾਲ ਮੋਹ-ਪਿਆਰ ਕਰਨ ਦੀ ਪ੍ਰੇਰਣਾ ਲੈ ਸਕਣ।ਗੁਰਬਾਣੀ ਅੰਦਰ ਇੱਕ ਸ਼ਖ਼ਸੀ ਸੱਭਿਆਚਾਰ ਦਿੱਤਾ ਗਿਆ ਹੈ, ਜਿਸ ਨਾਲ ਗੁਣਾਂ ਨੂੰ ਧਾਰਨ ਕਰਕੇ ਅਸੀਂ ਕੁਦਰਤ ਪ੍ਰੇਮੀ ਬਣ ਸਕਦੇ ਹਾਂ। ਕੁਦਰਤ ਦੇ ਬਣਾਏ ਕੁਦਰਤੀ ਨਿਯਮਾਂ ਵਿੱਚ ਰਹਿ ਅਸੀਂ ਕਾਦਰ ਦੀ ਕਿਰਪਾ ਦ੍ਰਿਸ਼ਟੀ ਦੇ ਪਾਤਰ ਬਣ ਸਕਦੇ ਹਾਂ। ਇੰਵ ਕਰਨ ਨਾਲ ਉਦਾਰਚਿੱਤ ਸ਼ਖ਼ਸੀਅਤ ਦੇ ਧਾਰਨੀ ਹੋ ਸਕਦੇ ਹਾਂ।ਕੁਦਰਤ ਪ੍ਰੇਮੀ ਦਾ ਜੀਵਨ ਠਹਿਰਾਅ ਵਾਲਾ ਹੋ ਨਿਬੜਦਾ ਹੈ।ਉਹ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਏ ਸਹਿਜ ਮਾਰਗ ਉੱਪਰ ਚਲ ਕੇ ਸਮਾਜ ਦਾ ਚੇਤੰਨ ਅੰਗ ਬਣ ਜਾਂਦਾ ਹੈ, ਜੋ ਸਮਾਜ ਦੀ ਭਲਾਈ ਖ਼ਾਤਰ ਆਪਾ ਵਾਰਨ ਲਈ ਵੀ ਤਤਪਰ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਪਰਉਪਕਾਰੀ ਜੀਵਨ ਜਿਊਣ ਦੀ ਹਿਦਾਇਤ ਕੀਤੀ ਹੈ। ਆਪਣੇ ਅੰਦਰ ਗੁਣ ਪੈਦਾ ਕਰਨੇ ਜ਼ਰੂਰੀ ਹਨ ਨਾ ਕੇ ਹੰਕਾਰੀ ਅਤੇ ਫੋਕੀ ਸ਼ਾਨੋ-ਸ਼ੌਕਤ ਵਾਲਾ ਜੀਵਨ ਢੰਗ ਰੱਖਣਾ ਚਾਹੀਦਾ ਹੈ। ਗੁਣਾਂ



ਭਰਪੂਰ ਸ਼ਖ਼ਸੀਅਤ ਹੀ ਨੈਤਿਕ ਫ਼ਰਜ਼ ਪਛਾਣਦੇ ਹੋਏ ਵਾਤਾਵਰਨ ਦੀ ਸੰਭਾਲ ਲਈ ਸੁਚੇਤ ਹੋਵੇਗੀ। **ਲੋਕ ਚੰਗੇ ਪੜ੍ਹੇ-ਲਿਖੇ ਵਰਗ ਤੋਂ ਸਮਾਜ ਪ੍ਰਤੀ ਚੰਗੀ ਕਾਰਗੁਜ਼ਾਰੀ ਦੀ ਉਮੀਦ ਰੱਖਦੇ ਹਨ। ਸਗੋਂ ਚੇਤੰਨ ਲੋਕਾਂ ਨੇ ਬਾਕੀਆਂ ਨੂੰ ਜਾਗਰੂਕ ਕਰਨਾ ਹੁੰਦਾ ਹੈ ਅਤੇ ਕੁਦਰਤ ਪ੍ਰਤੀ ਫ਼ਰਜ਼ਾਂ ਲਈ ਸਮਾਜ ਨੂੰ ਸੇਧ ਦੇਣੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਸਿੰਬਲ ਦੇ ਰੁੱਖ ਦੀ ਉਦਾਹਰਨ ਦੇਂਦੇ ਹੋਏ ਸਮਝਾਉਂਦੇ ਹਨ ਕਿ ਸਿੰਬਲ ਦਾ ਰੁੱਖ ਬਿਲਕੁੱਲ ਸਿੱਧਾ, ਉੱਚਾ ਅਤੇ ਮੋਟਾ ਹੁੰਦਾ ਹੈ। ਪੰਛੀ ਇਸ ਤੋਂ ਆਸ ਕਰਕੇ ਇਸ ਕੋਲ ਆਉਂਦੇ ਹਨ, ਪਰ ਕੁਝ ਪ੍ਰਾਪਤੀ ਨਾ ਹੁੰਦੀ ਦੇਖ ਨਿਰਾਸ਼ ਚਿੱਤ ਵਾਪਸ ਪਰਤਦੇ ਹਨ, ਕਿਉਂਕਿ ਸਿੰਬਲ ਰੁੱਖ ਦੇ ਫਲ ਫਿੱਕੇ, ਫੁੱਲ ਬੇਸੁਆਦੇ ਹੁੰਦੇ ਹਨ ਅਤੇ ਪੱਤੇ ਵੀ ਕੰਮ ਨਹੀਂ ਆਉਂਦੇ।** ਗੁਰਵਾਕ ਹੈ-

**ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ॥**
**ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ॥**
**ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ॥**

(ਮ:੧, ਅੰਗ ੪੭੦)

ਆਪਣੇ ਆਲੇ-ਦੁਆਲੇ ਪ੍ਰਤੀ ਸੁਚੇਤ ਦੂਜਿਆਂ ਦੀ ਭਾਵਨਾ ਦੀ ਕਦਰ ਕਰਨ ਵਾਲਾ ਵਿਅਕਤੀ ਕੋਈ ਵੀ ਕੰਮ ਬ੍ਰਹਿਮੰਡੀ ਨਿਯਮਾਂ ਖ਼ਿਲਾਫ਼ ਨਹੀਂ ਕਰਦਾ। ਵਧੀਆ ਮਨੁੱਖ ਹੈਂਕੜੀ ਦੀ ਜਗ੍ਹਾ ਨਿਰਮਾਣਤਾ ਨਾਲ ਆਲੇ-ਦੁਆਲੇ ਦਾ ਖ਼ਿਆਲ ਰੱਖਦਾ ਹੈ। ਉਪਰੋਕਤ ਪੰਕਤੀਆਂ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਸਿੱਖਿਆ ਦਿੰਦੇ ਹਨ ਕਿ ਚੰਗੀਆਈਆਂ ਦਾ ਮੂਲ ਤੱਤ ਮਿੱਠਤ ਹੈ, ਨਿਮਾਣੀ ਸ਼ਖ਼ਸੀਅਤ ਹਉਮੈ ਰਹਿਤ ਹੁੰਦੀ ਹੈ-

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥**
**ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ॥**
**ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ॥**

(ਮ:੧, ਅੰਗ ੪੭੦)

ਬੇਤਰਤੀਬੀ, ਬੇਪਰਵਾਹੀ ਸ਼ਖ਼ਸੀਅਤ ਨੂੰ ਗੁਰੂ ਨਾਨਕ ਦੇ ਘਰ ਪ੍ਰਵਾਨ ਨਹੀਂ ਕੀਤਾ ਗਿਆ। ਸਗੋਂ ਗੁਣਾਂ ਭਰਪੂਰ ਸ਼ਖ਼ਸੀਅਤ ਹੀ ਉਸਦੇ ਦਰ ਪ੍ਰਵਾਨ ਚੜ੍ਹਦੀ ਹੈ। ਗੁਰੂ ਸਾਹਿਬ ਦੇ ਹੁਕਮ ਅਨੁਸਾਰ ਅਸੀਂ ਆਪਣੀ ਹਉਮੈ ਭਰੀ ਜ਼ਿੰਦਗੀ ਵਿੱਚ ਕੁਦਰਤੀ ਨਿਯਮਾਂ ਦੀ ਪਾਲਣਾ ਕਰਨ ਵਾਲੇ ਬਣੀਏ। ਸਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਦੁਨਿਆਵੀ ਸ਼ਾਨੋ-ਸ਼ੌਕਤ ਸਭ ਇੱਥੇ

ਰਹਿ ਜਾਣੇ ਹਨ ਅਤੇ ਸਾਨੂੰ ਆਪਣੇ ਮੰਦੇ ਕਰਮ ਜੋ ਕੁਦਰਤੀ ਨਿਯਮਾਂ ਦੇ ਖ਼ਿਲਾਫ਼ ਜਾ ਕੇ ਕਰਦੇ ਹਾਂ ਉਸਦੀ ਸਜ਼ਾ ਹਰ ਹਾਲਤ ਵਿੱਚ ਭੁਗਤਣੀ ਪਵੇਗੀ। ਗੁਰ ਉਪਦੇਸ਼ ਹੈ-

**ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥**
**ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥**

(ਮ:੧, ਅੰਗ ੪੭੦)

**ਸਾਨੂੰ ਆਪਣਾ ਆਲਾ-ਦੁਆਲਾ ਇੰਵ ਦਾ ਸਿਰਜ ਲੈਣਾ ਚਾਹੀਦਾ ਹੈ ਕਿ ਅਸੀਂ ਭਾਵੇਂ ਘਰ-ਪਰਿਵਾਰ ਵਿੱਚ ਹੋਈਏ ਜਾਂ ਬਾਹਰ, ਦਫ਼ਤਰੀ ਜਾਂ ਕੰਮ-ਕਾਜੀ ਥਾਂ 'ਤੇ, ਅਸੀਂ ਕੁਦਰਤੀ ਜ਼ਿੰਦਗੀ ਜੀਵੀਏ ਤਾਂ ਹੀ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਤੋਂ ਨਿਜਾਤ ਪਾਈ ਜਾ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜ਼ਿੰਦਗੀ ਅੰਦਰ ਗੁਣਵਾਨ ਸ਼ਖ਼ਸੀਅਤ ਤੇ ਔਗੁਣਾਂ ਤੋਂ ਦੂਰ ਰਹਿਣ ਦਾ ਉਪਦੇਸ਼ ਦਿੱਤਾ ਹੈ। ਕੁਦਰਤੀ ਸਰੋਤਾਂ ਦੀ ਸੰਭਾਲ ਨਾ ਕਰਨਾ ਵੀ ਬਹੁਤ ਵੱਡਾ ਔਗੁਣ ਹੈ। ਇਹ ਔਗੁਣ ਸਾਨੂੰ ਸਾਡੇ ਸਮਾਜਿਕ, ਧਾਰਮਿਕ, ਅਧਿਆਤਮਿਕ ਫ਼ਰਜ਼ਾਂ ਤੋਂ ਕੋਹਾਂ ਦੂਰ ਲੈ ਜਾਂਦਾ ਹੈ। ਬਦਤਰ ਹਾਲਾਤ ਪੈਦਾ ਹੋਣ ਇਸ ਤੋਂ ਪਹਿਲਾਂ ਇਸ ਦੋਸ਼ ਤੋਂ ਛੁਟਕਾਰਾ ਪਾ ਲੈਣਾ ਚਾਹੀਦਾ ਹੈ, ਤਾਂ ਜੋ ਕੁਰਾਹੇ ਪਿਆ ਨਿਜ਼ਾਮ ਵਾਤਾਵਰਨ ਸੰਭਾਲ ਦੇ ਗੁਣ ਨੂੰ ਅਪਣਾ ਲਵੇ। ਵਾਤਾਵਰਨ ਨਾਲ ਖਿਲਵਾੜ ਵੀ ਬਹੁਤ ਵੱਡੀ ਕੁਤਾਹੀ ਤੇ ਨੁਕਸਾਨਦੇਹ ਔਗੁਣ ਹੈ ਜੋ ਸਾਡੇ ਗਲ ਦੀ ਜ਼ੰਜੀਰ ਬਣੇਗਾ।** ਪਾਣੀ, ਧਰਤੀ, ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਚੰਗੇ ਗੁਣਾਂ ਦੇ ਧਾਰਨੀ ਹੋਣਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਦਾ ਹੁਕਮ ਹੈ-

**ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥**
**ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥**

(ਮ:੧, ਅੰਗ ੫੯੫)

ਜਿਵੇਂ ਕਿ ਅਸੀਂ ਪਹਿਲਾਂ ਹੀ ਸ਼ੁਰੂਆਤ ਵਿੱਚ ਚਰਚਾ ਕਰ ਚੁੱਕੇ ਹਾਂ ਕਿ ਵਾਤਾਵਰਨ ਵੱਖ-ਵੱਖ ਤੱਤਾਂ ਦਾ ਸਮੂਹ ਹੈ। ਵਾਤਾਵਰਨ—ਸਾਡਾ ਆਲਾ-ਦੁਆਲਾ, ਹਵਾ, ਪਾਣੀ, ਧਰਤੀ, ਵਿਅਕਤੀ, ਜੀਵ, ਬਨਸਪਤੀ, ਜੰਗਲੀ ਜਨ-ਜੀਵਨ, ਪੁਲਾੜ ਅਤੇ ਮਨੁੱਖ ਦੁਆਰਾ ਬਣਾਏ ਗਏ ਸਾਧਨ ਸ਼ਾਮਿਲ ਹਨ। ਗੁਰਬਾਣੀ ਅੰਦਰ ਇਹਨਾਂ ਸਭ ਦੀ ਸੇਵਾ-ਸੰਭਾਲ ਦਾ ਜ਼ਿੰਮਾ ਸਿੱਧੇ ਤੌਰ 'ਤੇ ਕੇਵਲ ਤੇ ਕੇਵਲ ਮਨੁੱਖ ਉੱਪਰ ਹੀ ਹੈ। ਵਾਤਾਵਰਨ ਦੀ ਸਾਂਭ



ਵੀ ਅਸਰਫੁੱਲ ਮਖਲੂਕਾਤ (ਸ੍ਰਿਸ਼ਟੀ ਦਾ ਸਭ ਤੋਂ ਉੱਤਮ ਜੀਵ-ਮਨੁੱਖ) ਹੀ ਕਰ ਸਕਦਾ ਹੈ ਤੇ ਉਜਾੜਾ ਵੀ ਇਹੀ। ਗੁਰਬਾਣੀ ਅੰਦਰ ਵਾਤਾਵਰਨ ਦੇ ਵੱਖ-ਵੱਖ ਤੱਤਾਂ ਦਾ ਜ਼ਿਕਰ ਕੀਤਾ ਗਿਆ ਹੈ। ਇਹਨਾਂ ਤੱਤਾਂ ਦੀ ਜ਼ਿੰਦਗੀ ਲਈ ਮਹੱਤਤਾ ਦਾ ਉਲੇਖ ਵੀ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਗਿਆ ਹੈ ਤਾਂ ਜੋ ਮਨੁੱਖ ਵਾਤਾਵਰਨ ਦੀ ਅਹਿਮੀਅਤ ਨੂੰ ਸਹੀ ਅਰਥਾਂ ਵਿੱਚ ਸਮਝ ਸਕੇ।ਮਨੁੱਖ ਗੁਰ ਉਪਦੇਸ਼ਾਂ ਅਤੇ ਸਿੱਖਿਆਵਾਂ ਨੂੰ ਮੰਨ ਕੇ ਕੁਦਰਤੀ ਨਿਯਮਾਂ ਵਿੱਚ ਰਹਿ ਆਪਣੀ ਜ਼ਿੰਦਗੀ ਨੂੰ ਸੁਖਮਈ ਤੇ ਸੁਖਾਲੀ ਕਰ ਸਕੇ। ਰੁੱਖਾਂ, ਬਿਰਖਾਂ, ਬਨਸਪਤੀ ਅਤੇ ਜੀਵਾਂ ਦੀ ਮਹਾਨਤਾ ਦੱਸੀ ਗਈ ਹੈ। ਧਰਤੀ, ਹਵਾ, ਪਾਣੀ ਨੂੰ ਸਭ ਤੋਂ ਉੱਪਰ ਦੱਸਿਆ ਗਿਆ ਹੈ। ਇਹਨਾਂ ਬਿਨਾਂ ਇਨਸਾਨ ਦੀ ਜ਼ਿੰਦਗੀ ਇੱਕ ਪਲ ਲਈ ਵੀ ਸੰਭਵ ਨਹੀਂ। ਅਸੀਂ ਇਹਨਾਂ ਵੱਖ-ਵੱਖ ਤੱਤਾਂ ਦੀ ਸੰਭਾਲ ਕਰਨ ਬਾਰੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਉਪਦੇਸ਼ ਵਰਣਨ ਕਰਾਂਗੇ, ਤਾਂ ਜੋ ਸਹੀ ਦਿਸ਼ਾ ਵਿੱਚ ਸੇਧ ਲੈ ਕੇ ਮਨੁੱਖਤਾ ਦੀ ਸੇਵਾ ਤੇ ਆਪਣੇ ਆਲੇ-ਦੁਆਲੇ ਦੀ ਸਾਂਭ-ਸੰਭਾਲ ਲਈ ਯਥਾਸ਼ਕਤ ਯੋਗਦਾਨ ਪਾ ਸਕੀਏ।



ਪਿੰਡ ਪੰਨਵਾਂ ਦੀ OWN (our wrold Need team) ਪੌਦਿਆਂ ਦੀ ਸਾਂਭ ਸੰਭਾਲ ਕਰਨ ਉਪਰੰਤ ਪ੍ਰਸ਼ਾਦਾ ਛਕਦੇ ਹੋਏ ।

## ਪਾਣੀ, ਹਵਾ ਅਤੇ ਧਰਤੀ ਦੀ ਸਾਂਭ-ਸੰਭਾਲ ਦੀ ਪ੍ਰੇਰਣਾ

ਅਜੋਕਾ ਸਮਾਜ ਪੀਣ ਵਾਲੇ ਪਾਣੀ ਦੇ ਖ਼ਤਰਨਾਕ ਸੰਕਟ ਵੱਲ ਵਧ ਰਿਹਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪਾਣੀ ਪਿਤਾ ਹੈ, ਪਾਣੀ ਬਿਨਾਂ ਜ਼ਿੰਦਗੀ ਨਹੀਂ ਹੈ। ਕੇਵਲ ਤੇ ਕੇਵਲ ਪਾਣੀ ਹੀ ਸਾਰੀ ਸ੍ਰਿਸ਼ਟੀ ਨੂੰ ਜ਼ਿੰਦਾ ਰੱਖ ਸਕਦਾ ਹੈ; ਜਿਵੇਂ ਕਿ ਪੁਲਾੜ ਸਾਇੰਸਦਾਨਾਂ ਨੇ ਇਹ ਗੱਲ ਪੂਰਨ ਰੂਪ ਵਿੱਚ ਸਾਬਤ ਕਰ ਦਿੱਤੀ ਹੈ ਕਿ ਚੰਦਰਮਾ ਅਤੇ ਮੰਗਲ ਵਰਗੇ ਹੋਰਨਾਂ ਗ੍ਰਹਿ ਉੱਤੇ ਪਾਣੀ ਬਿਨਾਂ ਜ਼ਿੰਦਗੀ ਸੰਭਵ ਨਹੀਂ ਹੈ। ਪਾਣੀ ਆਪ ਵੀ ਜੀਵ ਹੈ, ਇਸ ਨਾਲ ਹਰੇਕ ਜੀਵ ਹਰਾ-ਭਰਾ, ਜਿੰਦ-ਜਾਨ ਵਾਲਾ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਇਸ ਪ੍ਰਕਾਰ ਸਮਝਾਉਂਦੇ ਹਨ—

**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥**

(ਮ:੧, ਅੰਗ ੪੭੨)

ਹਵਾ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਮਹਾਨ ਮਾਂ, ਅਤੇ ਦਿਨ-ਰਾਤ ਦਾਈ, ਦਾਇਆ ਰੂਪ ਹਨ, ਜਿਸ ਦੀ ਗੋਦ ਵਿੱਚ ਸਾਰਾ ਜਗਤ ਖੇਡ ਰਿਹਾ ਹੈ; ਜਿਵੇਂ ਆਤਮਿਕ ਤੌਰ 'ਤੇ ਜਿਊਂਦਾ ਰਹਿਣ ਲਈ ਗੁਰੂ ਜ਼ਰੂਰੀ ਹੈ ਓਵੇਂ ਹੀ ਹਵਾ, ਪਾਣੀ, ਧਰਤੀ ਬਿਨਾਂ ਜੀਵਨ ਸੰਭਵ ਨਹੀਂ ਹੈ; ਇਹ ਤਿੰਨੋਂ ਸਾਡੀ ਹੋਂਦ ਦਾ ਆਧਾਰ ਹਨ। ਇਹ ਸਾਰੀ ਖੇਡ ਪ੍ਰਮਾਤਮਾ ਨੇ ਰਚਾਈ ਹੈ। ਪਵਣ ਹਰ ਜਗ੍ਹਾ ਬਰਾਬਰ ਵਗਦੀ ਹੈ। ਸਭ ਨਾਲ ਇਕੋ ਜਿਹਾ ਸਲੂਕ ਕਰਦੀ ਹੈ, ਜਿਵੇਂ ਗੁਰੂ ਸਭ ਨਾਲ ਬਰਾਬਰ ਵਰਤਾਵ ਰੱਖਦਾ ਹੈ। ਪਾਣੀ ਨਿਰਮਲ ਹੈ ਤੇ ਇਸ ਦੀ ਤੁਲਨਾ ਪਿਤਾ ਨਾਲ ਕੀਤੀ ਹੈ, ਜੋ ਆਪਣੇ ਬੱਚਿਆਂ ਦੀ ਪਾਲਣਾ ਬਰਾਬਰ ਕਰਦਾ ਹੈ। ਧਰਤੀ ਦਾ ਜਿਗਰਾ ਬਹੁਤ ਵੱਡਾ ਹੈ। ਉਹ ਮਾਂ ਵਾਂਗ ਕੋਈ ਉਲਾਂਭਾ ਨਹੀਂ ਦਿੰਦੀ। ਕਦੇ ਨਾਰਾਜ਼ ਨਹੀਂ ਹੁੰਦੀ। ਸਭ ਦਾ ਭਾਰ ਬਰਾਬਰ ਉਠਾਉਂਦੀ ਹੈ। ਜੋ ਬੀਜੋ ਉਹੀ ਦਿੰਦੀ ਹੈ। ਸਾਡੇ ਦੁਆਰਾ ਕੀਤਾ ਸਾਰਾ ਪ੍ਰਦੂਸ਼ਣ ਆਪਣੇ ਆਪ ਵਿੱਚ ਸਮਾਉਂਦੀ ਹੈ। ਸਾਨੂੰ ਉਪਰੋਕਤ ਧਰਤੀ, ਪਾਣੀ ਤੇ ਹਵਾ ਵਾਂਗ ਤਿੰਨੋਂ ਤਰ੍ਹਾਂ ਦੇ ਗੁਣ ਆਪਣੀ ਸ਼ਖ਼ਸੀਅਤ ਵਿੱਚ ਧਾਰਨ ਕਰਨੇ ਚਾਹੀਦੇ ਹਨ। ਪਾਣੀ, ਧਰਤੀ ਤੇ ਹਵਾ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ ਇਸ ਨੂੰ ਸੰਭਾਲਣ ਤੇ ਸ਼ੁੱਧ ਰੱਖਣ ਲਈ ਯਥਾਸ਼ਕਤ ਯਤਨ ਕਰਦੇ ਰਹਿਣਾ ਚਾਹੀਦਾ ਹੈ।

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥**

(ਮ: ੧, ਅੰਗ ੮)



ਇਸ ਜਲ ਤੋਂ ਹੀ ਤਿੰਨ ਭਵਨਾਂ ਦੀ ਉੱਤਪਤੀ ਹੋਈ ਹੈ। ਪਾਣੀ ਬਿਨਾਂ ਘੜੀ-ਪਲ ਲਈ ਵੀ ਜ਼ਿੰਦਗੀ ਸੰਭਵ ਨਹੀਂ; ਜਿਵੇਂ ਮੱਛਲੀ ਪਾਣੀ ਬਿਨਾਂ ਮਰਦੀ ਹੈ, ਜਿਵੇਂ ਜਲ ਅਤੇ ਕਮਲ ਦੇ ਫੁੱਲ ਦੀ ਪ੍ਰੀਤ ਹੈ। ਕਮਲ ਦਾ ਫੁੱਲ ਪਾਣੀ ਦੀਆਂ ਲਹਿਰਾਂ ਨਾਲ ਧੱਕੇ ਖਾਂਦਾ ਹੈ ਪਰ ਫਿਰ ਵੀ ਪਰਸਪਰ ਪਿਆਰ ਕਾਰਨ ਖਿੜਦਾ ਹੈ।ਧੱਕਿਆਂ ਤੋਂ ਗੁੱਸੇ ਨਹੀਂ ਹੁੰਦਾ। ਜਿਵੇਂ ਜੀਵਣ ਪਾਣੀ ਵਿੱਚ ਪੈਦਾ ਹੁੰਦਾ ਹੈ ਤੇ ਇਸ ਤੋਂ ਬਿਨਾਂ ਮਰਦਾ ਹੈ, ਜਿਵੇਂ ਮੱਛਲੀ ਵੱਧ ਪਾਣੀ ਨਾਲ ਵੱਧ ਸੁੱਖ ਮਹਿਸੂਸ ਕਰਦੀ ਹੈ। ਉਸਦੇ ਤਨ ਮਨ ਵਿੱਚ ਠੰਡ ਪੈਂਦੀ ਹੈ।ਮੱਛੀ ਦੇ ਹਿਰਦੇ ਦੀ ਵੇਦਨਾ ਅਕਾਲ ਪੁਰਖ ਹੀ ਜਾਣਦੇ ਹਨ। ਸਾਨੂੰ ਇਸ ਤਰ੍ਹਾਂ ਦਾ ਪਿਆਰ ਬਣਾਉਣਾ ਚਾਹੀਦਾ ਹੈ ਜਿਵੇਂ ਪਪੀਹੇ ਦਾ ਮੀਂਹ ਨਾਲ ਹੈ ਭਾਵੇਂ ਕਿ ਪਾਣੀ ਨਾਲ ਸਰੋਵਰ ਭਰੇ ਹੁੰਦੇ ਹਨ, ਧਰਤੀ ਪਾਣੀ ਦੀ ਬਰਕਤ ਨਾਲ ਹਰਿਆਵਲੀ ਹੋਈ ਹੁੰਦੀ ਹੈ ਪ੍ਰੰਤੂ ਜੇ ਸਵਾਂਤੀ ਬੂੰਦ ਪਪੀਹੇ ਦੇ ਮੂੰਹ ਵਿੱਚ ਨਾ ਪਵੇ ਤਾਂ ਉਸਨੂੰ ਇਸ ਸਾਰੇ ਪਾਣੀ ਨਾਲ ਕੋਈ ਭਾਗ (ਮਤਲਬ) ਨਹੀਂ। ਇੱਥੇ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਅੱਜ ਫੈਕਟਰੀਆਂ ਤੇ ਪ੍ਰਦੂਸ਼ਿਤ ਤਰਲ ਮਾਦੇ ਨੂੰ ਨਦੀਆਂ, ਦਰਿਆਵਾਂ ਵਿੱਚ ਮਿਲਾਇਆ ਜਾ ਰਿਹਾ ਹੈ। ਧਰਤੀ ਵਿਚਲਾ ਪਾਣੀ ਸਾਡੇ ਜੀਵਨ ਦਾ ਆਧਾਰ ਹੈ ਪਰ ਬੁਰੀ ਤਰ੍ਹਾਂ ਵਿਹੁਲਾ ਹੋ ਚੁੱਕਾ ਹੈ। ਸਮੁੰਦਰਾਂ ਵਿੱਚ ਪ੍ਰਦੂਸ਼ਿਤ ਪਾਣੀ ਦੇ ਰੂਪ ਵਿੱਚ ਆਰਸੈਨਿਕ, ਸਿੱਕਾ, ਪਾਰਾ, ਕੈਡਮੀਅਮ, ਸਾਇਨਾਇਡ ਆਦਿ ਜ਼ਹਿਰਾਂ ਘੁਲ ਰਹੀਆਂ ਹਨ। ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ। ਝੀਲਾਂ, ਨਹਿਰਾਂ, ਦਰਿਆਵਾਂ ਅਤੇ ਸਮੁੰਦਰੀ ਜੀਵਾਂ ਨੂੰ ਭਿਆਨਕ ਖ਼ਤਰੇ ਨੇ ਘੇਰ ਲਿਆ ਹੈ। ਵਾਯੂ-ਮੰਡਲ ਵਿੱਚ ਫੈਲੀਆਂ ਹਾਨੀਕਾਰਕ ਗੈਸਾਂ ਨੇ ਵਰਖਾ ਦੇ ਪਾਣੀ ਨੂੰ ਵੀ ਤੇਜ਼ਾਬੀ ਬਣਾ ਦਿੱਤਾ ਹੈ। **ਇੱਥੇ ਇਹ ਸਮਝਣਾ ਅਤਿਅੰਤ ਜ਼ਰੂਰੀ ਹੈ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਪਪੀਹੇ ਦੀ ਦਿੱਤੀ ਗਈ ਉਦਾਹਰਨ ਕਿ "ਸਵਾਂਤੀ ਬੂੰਦ" ਬਿਨਾਂ ਜਿਵੇਂ ਬਾਕੀ ਪਾਣੀ ਉਸ ਦੀ ਪਿਆਸ ਨਹੀਂ ਬੁਝਾਉਂਦਾ ਭਾਵ ਤ੍ਰਿਪਤ ਨਹੀਂ ਕਰਦਾ, ਇਸੇ ਪ੍ਰਕਾਰ ਧਰਤੀ ਹੇਠਲੇ ਜਲ ਭੰਡਾਰ ਵਿੱਚ ਪੀਣ ਯੋਗ ਪਾਣੀ ਥੋੜ੍ਹੀ ਜਿਹੀ ਮਾਤਰਾ ਵਿੱਚ ਹੀ ਹੈ। ਜੇਕਰ ਪੀਣ ਯੋਗ ਪਾਣੀ ਅਸੀਂ ਲਗਾਤਾਰ ਪ੍ਰਦੂਸ਼ਿਤ ਕਰਦੇ ਰਹੇ ਜਾਂ ਦੁਰਵਰਤੋਂ ਕਰਕੇ ਉਜਾੜਦੇ ਰਹੇ ਤਾਂ ਸਾਨੂੰ ਪਪੀਹੇ ਦੀ ਸਵਾਂਤੀ ਬੂੰਦ ਵਾਂਗ ਪੀਣ ਯੋਗ ਪਾਣੀ ਲਈ ਵੱਡੀ ਮੁਸ਼ੱਕਤ ਕਰਨੀ ਪਿਆ ਕਰੇਗੀ। ਇੱਥੇ ਗੁਰੂ ਸਾਹਿਬ ਜੀ ਨੇ ਮਾਤਰਾ ਦੀ ਜਗ੍ਹਾ ਗੁਣਵੱਤਾ ਦਾ ਗੁਹਜ ਸਮਝਾਇਆ ਹੈ । ਸਾਡੇ ਕੋਲ ਜੇ ਪੀਣ ਯੋਗ ਪਾਣੀ ਨਾ ਰਿਹਾ ਤਾਂ ਗਟਰਾਂ,**

**ਛੱਪੜਾਂ, ਝੀਲਾਂ, ਨਦੀਆਂ ਵਿੱਚ ਜ਼ਹਿਰੀਲਾ, ਗੰਧਲਾ, ਨਮਕੀਨ ਪਾਣੀ ਕਿੰਨਾ ਵੀ ਪਿਆ ਫਿਰੇ ਅਸੀਂ ਪੀ ਨਾ ਸਕਾਂਗੇ। ਜੇ ਪੀਤਾ ਤਾਂ ਜੀਵਤ ਨਹੀਂ ਰਹਿ ਸਕਾਂਗੇ।** ਗੁਰੂ ਨਾਨਕ ਦੇਵ ਜੀ ਸਿਰੀਰਾਗ ਅੰਦਰ ਇਸ ਪ੍ਰਕਾਰ ਸਮਝਾਉਂਦੇ ਹਨ-

**ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥**
**ਲਹਰੀ ਨਾਲਿ ਪਛਾੜੀਐ ਭੀ ਵਿਗਸੈ ਅਸਨੇਹਿ॥**
**ਜਲ ਮਹਿ ਜੀਅ ਉਪਾਇ ਕੈ ਬਿਨੁ ਜਲ ਮਰਣੁ ਤਿਨੇਹਿ॥੧॥**
**ਮਨ ਰੇ ਕਿਉ ਛੂਟਹਿ ਬਿਨੁ ਪਿਆਰ॥**
**ਗੁਰਮੁਖਿ ਅੰਤਰਿ ਰਵਿ ਰਹਿਆ ਬਖਸੇ ਭਗਤਿ ਭੰਡਾਰ॥੧॥ਰਹਾਉ॥**
**ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥**
**ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥**
**ਬਿਨੁ ਜਲ ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ॥੨॥**
**ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ॥**
**ਸਰ ਭਰਿ ਥਲ ਹਰੀਆਵਲੇ ਇਕ ਬੂੰਦ ਨ ਪਵਈ ਕੇਹ॥**
**ਕਰਮਿ ਮਿਲੈ ਸੋ ਪਾਈਐ ਕਿਰਤੁ ਪਇਆ ਸਿਰਿ ਦੇਹ॥੩॥**

(ਮ: ੧, ਅੰਗ ੫੯-੬੦)

ਪਾਣੀ ਬਿਨਾਂ ਪਿਆਸ ਨਹੀਂ ਬੁੱਝਦੀ, ਸਾਰੀ ਜਗਤ ਉਤਪਤੀ ਪਾਣੀ ਨਾਲ ਹੀ ਹੋਈ ਹੈ। ਪਾਣੀ ਤੋਂ ਅਨਾਜ, ਗੰਨਾ, ਅਤੇ ਕਪਾਹ ਪੈਦਾ ਹੋਏ। ਪਾਣੀ ਤੋਂ ਹੀ ਤਿੰਨੇ ਜਹਾਨ ਉਤਪੰਨ ਹੋਏ ਗਿਣੇ ਜਾਂਦੇ ਹਨ। ਪਾਣੀ ਘਨੇਰਾ ਗੁਣਵਾਨ ਹੈ।ਪਾਣੀ ਦੇ ਬਹੁਤ ਸਰੂਪ ਹਨ-

**ਤੋਇਅਹੁ ਅੰਨੁ ਕਮਾਦੁ ਕਪਾਹਾਂ ਤੋਇਅਹੁ ਤ੍ਰਿਭਵਣੁ ਗੰਨਾ॥**
**ਤੋਆ ਆਖੈ ਹਉ ਬਹੁ ਬਿਧਿ ਹਛਾ ਤੋਐ ਬਹੁਤੁ ਬਿਕਾਰਾ॥**

(ਮ:੧, ਅੰਗ ੧੨੯੦)

ਬਨਸਪਤੀ ਜਿਸ ਦਾ ਅੰਕੁਰ ਜ਼ਮੀਨ ਪਾੜ ਕੇ ਨਿਕਲਦਾ ਹੈ ਜੇਕਰ ਪਾਣੀ ਨਾ ਹੋਵੇ, ਬਨਸਪਤੀ ਦਾ ਉੱਗਣਾ ਤੇ ਵਧਣਾ ਫੁੱਲਣਾ ਸੰਭਵ ਨਹੀਂ; ਜਿਵੇਂ ਦੁੱਧ ਬਿਨਾਂ ਗਾਂ, ਖੰਭਾਂ ਬਿਨਾਂ ਪੰਛੀ ਨਹੀਂ ਹੁੰਦਾ; ਇਸੇ ਤਰ੍ਹਾਂ ਪਾਣੀ ਬਿਨਾਂ ਕੁਝ ਵੀ ਪੈਦਾ ਨਹੀਂ ਹੋ ਸਕਦਾ। ਬਨਸਪਤੀ, ਪੇੜ-ਪੌਦੇ, ਵੇਲ-ਬੂਟੇ, ਖੇਤੀ ਆਦਿਕ ਤੇ ਅੰਡਜ, ਜੇਰਜ, ਸੇਤਜ, ਉਤਭੁਜ ਰਾਹੀਂ ਪੈਦਾ ਹੋਣ ਵਾਲਾ ਜੀਵਨ ਸੰਭਵ ਨਹੀਂ।

**ਦੁਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ॥**

(ਮ:੧, ਅੰਗ ੩੫੪)



ਪਾਣੀ ਸਾਡਾ ਮੁੱਢਲਾ ਅਧਿਕਾਰ ਹੈ। ਇਹ ਅਮੋਲਕ ਦਾਤ ਹੈ। ਇਸ ਨੂੰ ਮੁੱਲ ਖ਼ਰੀਦਣਾ ਤੇ ਵੇਚਣਾ ਸਾਡੇ ਲਈ ਅਸੰਭਵ ਹੋਵੇਗਾ। ਇੱਕ ਦਿਨ ਐਸਾ ਆਵੇਗਾ ਜਦੋਂ ਕੁਦਰਤ ਦੇ ਜਲ-ਸਰੋਤ ਖ਼ਤਮ ਹੋਣ ਕੰਡੇ ਹੋਏ ਤਾਂ ਆਪਾ-ਧਾਪੀ ਪੈ ਜਾਵੇਗੀ।ਪਾਣੀ ਨੂੰ ਖ਼ਰੀਦਣਾ ਆਮ ਗ਼ਰੀਬ ਵਰਗ ਤੇ ਛੋਟੇ ਗ਼ਰੀਬ ਕਬੀਲਿਆਂ ਅਤੇ ਦੇਸ਼ਾਂ ਲਈ ਅਸੰਭਵ ਹੋਵੇਗਾ। ਇਸ ਲਈ ਸਾਡੇ ਸਮਾਜ ਦੇ ਵਿਦਵਾਨਾਂ, ਵਿਚਾਰਵਾਨਾਂ, ਸਾਇੰਸਦਾਨਾਂ ਅਤੇ ਸਮਝਦਾਰ ਵਰਗ ਨੂੰ ਆਪਣਾ ਫ਼ਰਜ਼ ਸਮਝਦੇ ਹੋਏ ਪਾਣੀ ਦੀ ਸਹੀ ਵਰਤੋਂ ਅਤੇ ਸੰਭਾਲ ਲਈ ਯਤਨ ਆਰੰਭ ਦੇਣੇ ਚਾਹੀਦੇ ਹਨ। ਜਲ ਸੀਤਲ ਹੈ, ਇਹੀ ਸਭ ਕਾਇਨਾਤ ਵਿੱਚ ਠੰਡ ਵਰਤਾ ਸਕਦਾ ਹੈ। ਬਰਸਾਤੀ ਪਾਣੀ ਦੀ ਸੰਭਾਲ ਅਤੇ ਜ਼ਮੀਨਦੋਜ਼ ਪਾਣੀ ਦੀ ਵਰਤੋਂ ਕੀਤੀ ਜਾ ਸਕਦੀ ਹੈ। ਮੀਂਹ ਦਾ ਪਾਣੀ ਪੁਰਾਣੇ ਬੋਰਾਂ, ਖੂਹਾਂ ਰਾਹੀਂ ਜ਼ਮੀਨ ਵਿੱਚ ਭੇਜਣ ਤੋਂ ਪਹਿਲਾਂ ਰੇਤ, ਬਜ਼ਰੀ, ਕੋਲੇ ਦੇ ਫਿਲਟਰਾਂ ਵਿੱਚੋਂ ਕੱਢ ਕੇ ਜ਼ਮੀਨ ਵਿੱਚ ਭੇਜਣਾ ਚਾਹੀਦਾ ਹੈ। ਪਾਣੀ ਦੀ ਬੇਰਹਿਮੀ ਨਾਲ ਹੋ ਰਹੀ ਵਰਤੋਂ ਨੂੰ ਰੋਕਣਾ ਜ਼ਰੂਰੀ ਹੈ। ਪਾਣੀ ਦੀ ਸੰਭਾਲ ਨਾ ਕੀਤੀ ਗਈ ਤਾਂ ਆਮ ਸੁਣਨ ਨੂੰ ਮਿਲ ਰਿਹਾ ਹੈ, ਕਿ ਅਗਲੀ ਸੰਸਾਰ ਜੰਗ ਪਾਣੀ ਖ਼ਾਤਰ ਹੀ ਹੋ ਸਕਦੀ ਹੈ, ਕਿਉਂਕਿ ਪਾਣੀ ਹੀ ਇਸ ਜਗਤ ਦਾ ਪਿਤਾ ਹੈ। ਗੁਰੂ ਨਾਨਕ ਦੇਵ ਜੀ ਦੇ ਅਨੁਸਾਰ-

**ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥**

(ਮ:੧, ਅੰਗ ੧੨੪੦)

# ਰੁੱਖ ਅਤੇ ਬਨਸਪਤੀ ਜੀਵਨ ਦਾ ਮੁੱਢ

ਮੀਂਹ ਤੇ ਬਨਸਪਤੀ ਦਾ ਓਨਾ ਹੀ ਗੂੜ੍ਹਾ ਸੰਬੰਧ ਹੈ ਜਿੰਨਾ ਸੁੰਦਰਤਾ ਤੇ ਹਰਿਆਵਲ ਦਾ। ਵਰਖਾ ਹੋਣ ਤੋਂ ਬਿਨਾਂ ਹਰਿਆਵਲ ਤੇ ਬਨਸਪਤੀ ਦਾ ਸੁਹੱਪਣ ਨਹੀਂ ਹੋ ਸਕਦਾ। ਸਾਉਣ, ਭਾਦਰੋਂ ਦੇ ਮੀਂਹ ਉਪਰੰਤ ਰੁੱਖ, ਬੂਟੇ, ਬਨਸਪਤੀ ਮੌਲਦੀ ਹੈ ਭਾਵ ਜੋਬਨ 'ਤੇ ਹੁੰਦੀ ਹੈ, ਜਿਸ ਨੂੰ ਦੇਖ ਅਸੀਂ ਸਭ ਨਿਹਾਲ ਹੁੰਦੇ ਹਾਂ। ਰੁੱਖ, ਬਨਸਪਤੀ ਤੇ ਖੇਤੀ ਦੇ ਰੂਪ ਵਿੱਚ ਹੀ ਇਨਸਾਨ ਦੀ ਉਪਜੀਵਿਕਾ ਤੇ ਹੋਰ ਕਾਰਜ ਸਿਰੇ ਲੱਗਦੇ ਹਨ। ਰੁੱਖ ਹੀ ਜੀਵਨ ਸੰਚਾਰ ਦਾ ਮੁੱਢ ਹਨ। ਰੁੱਖਾਂ ਬਿਨਾਂ ਧਰਤੀ ਦਾ ਸ਼ੁੱਧ ਰਹਿਣਾ ਤੇ ਸਾਫ਼ ਹਵਾ ਪ੍ਰਾਪਤ ਹੋਣਾ ਅਸੰਭਵ ਹੈ। ਰੁੱਖ ਧਰਤੀ ਦੇ ਰੱਖਿਅਕ ਹਨ। ਰੁੱਖਾਂ ਬਿਨਾਂ ਮੀਂਹ ਸੰਭਵ ਨਹੀਂ ਅਤੇ ਮੀਂਹ ਬਿਨਾਂ ਫ਼ਸਲਾਂ, ਬਨਸਪਤੀ, ਰੁੱਖ, ਬੂਟਿਆਂ ਦੀ ਹੋਂਦ ਮੁਮਕਿਨ ਨਹੀਂ। ਰੁੱਖਾਂ ਵਾਲਾ ਵਾਤਾਵਰਨ ਰਮਣੀਕ ਹੁੰਦਾ ਹੈ ਅਤੇ ਇਹ ਮਨ ਨੂੰ ਸਕੂਨ ਤੇ ਸ਼ਾਂਤੀ ਨਾਲ ਓਤ-ਪੋਤ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਬਾਰਹਮਾਹ ਵਿੱਚ ਵੱਖ-ਵੱਖ ਮਹੀਨਿਆਂ ਬਾਰੇ ਇਸ ਪ੍ਰਕਾਰ ਚਰਚਾ ਕਰਦੇ ਹਨ ਕਿ ਜਦੋਂ ਚੇਤ ਮਹੀਨੇ ਬਸੰਤ ਬਹਾਰ ਆਉਂਦੀ ਹੈ ਤਾਂ ਫੁੱਲਾਂ ਦਾ ਖਿੜ੍ਹਨਾ ਹਿਰਦਿਆਂ ਨੂੰ ਖੇੜੇ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਭਵਰੇ ਦਾ ਫੁੱਲਾਂ ਉੱਪਰੋਂ ਰਸ ਚੂਸਣ ਦੇ ਆਨੰਦ ਦਾ ਮਨਮੋਹਕ ਚਿਤਰਨ ਕੀਤਾ ਹੈ। ਜਦੋਂ ਸੁਹਾਵਣਾ ਮੌਸਮ ਆਉਂਦਾ ਹੈ ਖੁਲ੍ਹੀ ਜੂਹ ਵਿੱਚ, ਖੇਤ-ਖਲਿਹਾਨਾ ਵਿੱਚ ਬਨਸਪਤੀ ਨੂੰ ਫੁੱਲ ਲੱਗ ਜਾਂਦੇ ਹਨ ਅਤੇ ਫੁੱਲਾਂ ਉੱਪਰ ਬੈਠੇ ਭਵਰੇ ਸੋਹਣੇ ਲੱਗਦੇ ਹਨ।ਗੁਰੂ ਨਾਨਕ ਦੇਵ ਜੀ ਇਸ ਰਮਣੀਕ ਵਾਤਾਵਰਨ ਵਿੱਚ ਰਚਨਹਾਰ ਨੂੰ ਬੇਨਤੀ ਕਰਦੇ ਹਨ ਕਿ ਮੇਰੇ ਹਿਰਦੇ ਦਾ ਕੌਲ ਫੁੱਲ ਵੀ ਖਿੜ ਜਾਵੇ । ਕੋਇਲ ਅੰਬ ਦੇ ਰੁੱਖ ਉੱਤੇ ਮਿੱਠੇ ਬੋਲ ਬੋਲਦੀ ਹੈ।ਇਸ ਸੁਹਾਵਣੇ ਦ੍ਰਿਸ਼ ਨੂੰ ਇਸ ਪ੍ਰਕਾਰ ਚਿਤਰਿਆ ਹੈ-

**ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥**
**ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ॥**

(ਮ:੧, ਅੰਗ ੧੧੦੭)

ਵੈਸਾਖ ਦਾ ਮਹੀਨਾ ਚੜ੍ਹਦਾ ਚੰਗਾ ਲਗਦਾ ਹੈ ਜਦੋਂ ਬਨਸਪਤੀ ਦੀਆਂ ਨਵੀਆਂ ਲਗਰਾਂ ਫੁੱਟਦੀਆਂ ਹਨ, ਟਾਹਣੀਆਂ ਵੇਗ ਕਰਦੀਆਂ ਹਨ ਭਾਵ ਨਵ-ਵਿਆਹੀਆਂ ਮੁਟਿਆਰਾਂ ਵਾਂਗ ਕੂਲੇ-ਕੂਲੇ ਪੱਤਰਾਂ ਦਾ ਹਾਰ-ਸ਼ਿੰਗਾਰ ਕਰਦੀਆਂ ਹਨ। ਕੁਦਰਤ ਰਾਣੀ ਦਾ ਸੁਹਜ ਰੂਪ ਦੇਖ ਮਨੁੱਖ ਦਾ



ਚਿੱਤ ਕੁਦਰਤ ਦੀ ਵਾਹ-ਵਾਹ ਕਰਨ ਲਈ ਤਤਪਰ ਹੁੰਦਾ ਹੈ ਤੇ ਪਰਮਾਤਮਾ ਦੀ ਸਿਫ਼ਤ-ਸਲਾਹ ਲਈ ਰਾਜ਼ੀ ਹੁੰਦਾ ਹੈ। ਪੁੰਗਾਰੇ ਦੀ ਬਹਾਰ ਸਾਨੂੰ ਮੁਸੀਬਤਾਂ ਤੋਂ ਉੱਪਰ ਉੱਠ ਨਵੀਂ ਜ਼ਿੰਦਗੀ ਜਿਉਣ ਲਈ ਪ੍ਰੇਰਿਤ ਕਰਦੀ ਹੈ, ਜਿਸ ਦਾ ਉਲੇਖ ਗੁਰੂ ਸਾਹਿਬ ਇਸ ਤਰ੍ਹਾਂ ਕਰਦੇ ਹਨ-

**ਵੈਸਾਖੁ ਭਲਾ ਸਾਖਾ ਵੇਸ ਕਰੇ॥**
**ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥**

(ਮ:੧, ਅੰਗ ੧੧੦੮)

*'ਆਸਾੜੁ ਭਲਾ ਸੂਰਜੁ ਗਗਨਿ ਤਪੈ॥'* ਦੇ ਮਹਾਂਵਾਕ ਅਨੁਸਾਰ ਹਾੜ ਦੀਆਂ ਗਰਮੀਆਂ ਸਾਡਾ ਆਲਾ-ਦੁਆਲਾ ਸਾੜ ਦਿੰਦੀਆਂ ਹਨ ਅਤੇ ਸੂਰਜ ਤਪਦਾ ਹੈ। ਇਹਨਾਂ ਅੱਤ ਗਰਮੀਆਂ ਦੀਆਂ ਧੁੱਪਾਂ ਪਿੱਛੋਂ ਜਦੋਂ ਸਾਉਣ ਛਹਿਬਰਾਂ ਲਾਉਂਦਾ ਹੈ ਤਾਂ ਆਲਾ-ਦੁਆਲਾ ਰਮਣੀਕ ਬਣ ਜਾਂਦਾ ਹੈ। ਬੱਦਲਾਂ ਦੀ ਗੜ-ਗੜਾਹਟ, ਹਰਿਆਲੀ ਧਰਤੀ, ਖਿੜੀਆਂ ਬਹਾਰਾਂ ਸਾਨੂੰ ਅੰਤਰ-ਆਤਮੇ ਸ਼ਾਂਤੀ ਬਖ਼ਸ਼ਦੀਆਂ ਹਨ ਭਾਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਅਧਿਆਤਮ ਨੂੰ ਸਮਝਾਉਣ ਲਈ ਦ੍ਰਿਸ਼ਟਾਂਤ ਰੂਪ ਵਿੱਚ ਕੁਦਰਤੀ ਨਜ਼ਾਰਿਆਂ ਦਾ ਵਰਣਨ ਕੀਤਾ ਹੈ। ਇਹ ਅਧਿਆਤਮ ਤਾਂ ਹੀ ਸਮਝ ਆਵੇਗਾ ਜੇ ਸਾਡਾ ਚਿੱਤ ਅੰਦਰੋਂ ਬਾਹਰੋਂ ਖੇੜਾ ਮਹਿਸੂਸ ਕਰੇਗਾ ਅਤੇ ਉਸ ਦੀਆਂ ਰਮਜ਼ਾਂ, ਗੁਹਜਾਂ ਤੇ ਮਿਲਾਪ ਨੂੰ ਸਮਝ ਸਕੇਗਾ। ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਭਾਰੀ ਤਪਸ਼ਾਂ ਉਪਰੰਤ ਜਦੋਂ ਘਾਹ ਆਦਿਕ ਸੁੱਕ ਜਾਂਦੇ ਹਨ ਤੇ ਸਾਵਣ ਮਹੀਨੇ ਦੀਆਂ ਘਟਾਵਾਂ ਚੜ੍ਹਦੀਆਂ ਹਨ ਤਾਂ ਪਸ਼ੂ-ਪੰਛੀ, ਮਨੁੱਖ ਕਿਤੇ ਰਹੇ ਸਗੋਂ ਸੁੱਕਾ ਖੱਬਲ ਘਾਹ ਵੀ ਹਰਾ ਹੋ ਜਾਂਦਾ ਹੈ। ਉਸ ਦੀ ਹਰਿਆਵਲ ਵੇਖ ਹਰੇਕ ਪ੍ਰਾਣੀ ਬੋਲ ਉੱਠਦਾ ਹੈ-ਹੇ ਮੇਰੇ ਮਨ! ਸਾਵਣ ਮਹੀਨੇ ਵਿੱਚ ਵਰਖਾ ਦੀ ਰੁੱਤ ਆ ਗਈ ਹੈ, ਬੱਦਲ ਵਰ੍ਹ ਰਹੇ ਹਨ ਹੁਣ ਤੂੰ ਵੀ ਹਰਿਆ ਹੋ ਅਤੇ ਉਮਾਹ (ਵਜ਼ਦ) ਵਿੱਚ ਆ। ਆਪ ਜੀ ਦਾ ਫ਼ਰਮਾਨ ਹੈ-

**ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਇ॥**
**ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਇ॥**

(ਮ:੧, ਅੰਗ ੧੧੦੮)

ਇਹ ਹਰਿਆਵਲ ਹੀ ਸਾਡੇ ਮਨ ਨੂੰ ਹਰਿਆ ਤੇ ਉਮਾਹ ਭਰਪੂਰ ਕਰ ਸਕਦੀ ਹੈ। ਰੁੱਖਾਂ ਦੁਆਰਾ ਮਨੁੱਖ ਨੂੰ ਬਹੁਤ ਜ਼ਿਆਦਾ ਸੁੱਖ ਪ੍ਰਦਾਨ

ਕੀਤੇ ਜਾਂਦੇ ਹਨ। ਰੁੱਖ ਜੰਮਣ ਤੋਂ ਮਰਣ ਤਕ ਦੀ ਲੱਕੜੀ ਦਿੰਦੇ ਹਨ, ਜਿਸ ਬਿਨਾਂ ਜੀਵਣ ਦਾ ਕੋਈ ਵੀ ਕਾਰਜ ਸੰਭਵ ਨਹੀਂ। ਰੁੱਖ ਭੂ-ਖੋਰ ਤੋਂ ਬਚਾਉਂਦੇ ਹਨ, ਮੀਂਹ ਦੇ ਪਾਣੀ ਦੀ ਰੀਚਾਰਜਿੰਗ (ਰਸਾਈ) ਦਾ ਕੰਮ ਆਪਣੀਆਂ ਜੜ੍ਹਾਂ ਰਾਹੀਂ ਕਰਦੇ ਹਨ। ਰੁੱਖ-ਬੂਟੇ ਦਵਾਈਆਂ ਤੇ ਪਸ਼ੂਆਂ ਦੀ ਖ਼ੁਰਾਕ ਦੇ ਕੰਮ ਆਉਂਦੇ ਹਨ। ਪੰਛੀਆਂ ਦਾ ਰੈਣ-ਬਸੇਰਾ ਵਧੇਰੇ ਕਰਕੇ ਰੁੱਖਾਂ ਉੱਪਰ ਹੀ ਹੁੰਦਾ ਹੈ। ਰੁੱਖਾਂ ਤੋਂ ਫਲਾਂ, ਫੁੱਲਾਂ ਦੀ ਪ੍ਰਾਪਤੀ ਸਾਨੂੰ ਸਿਹਤਯਾਬੀ ਤੇ ਸਕੂਨ ਦਿੰਦੀ ਹੈ। ਸਭ ਤੋਂ ਵੱਡੀ ਤੇ ਜ਼ਰੂਰੀ ਗੱਲ ਜੋ ਆਕਸੀਜਨ ਰੁੱਖਾਂ ਦੁਆਰਾ ਤਿਆਰ ਕਰਕੇ ਸਾਨੂੰ ਦਿੱਤੀ ਜਾਂਦੀ ਹੈ। ਇਸ ਦਾ ਹੋਰ ਕੋਈ ਤੋੜ ਨਹੀਂ, ਇਸ ਬਿਨਾਂ ਸਾਡੀ ਜ਼ਿੰਦਗੀ ਸੰਭਵ ਨਹੀਂ। ਸੂਰਜੀ ਗਰਮੀ ਨੂੰ ਆਪਣੇ ਉੱਪਰ ਝੱਲ ਸਾਨੂੰ ਠੰਡ ਵਰਤਾਉਂਦੇ ਹਨ। ਇਹਨਾਂ ਰੁੱਖਾਂ-ਬਿਰਖਾਂ ਨੂੰ ਪੈਦਾ ਕਰਨ ਵਾਲਾ ਅਕਾਲ ਪੁਰਖ ਆਪ ਹੀ ਹੈ, ਜਿਸ ਕਾਰਨ ਸਾਡੀ ਜ਼ਿੰਦਗੀ ਸੁਖਮਈ ਤੇ ਨਿਰੰਤਰ ਜਾਰੀ ਹੈ। ਸਾਡੀਆਂ ਸਰੀਰਿਕ ਤੇ ਖ਼ੁਰਾਕੀ ਲੋੜਾਂ ਵੀ ਇਹਨਾਂ ਰੁੱਖਾਂ ਤੋਂ ਪੂਰੀਆਂ ਹੁੰਦੀਆਂ ਹਨ। ਸਾਡਾ ਜੀਵਨ ਇੱਕ ਸੁਰਤਾਲ ਤਾਂ ਹੀ ਰਹਿ ਸਕਦਾ ਹੈ ਜੇਕਰ ਰੁੱਖਾਂ ਤੋਂ ਮਿਲਣ ਵਾਲੀਆਂ ਸਹੂਲਤਾਂ ਤੇ ਸੇਵਾਵਾਂ ਲਗਾਤਾਰ ਮਿਲਦੀਆਂ ਰਹਿਣਗੀਆਂ। ਰੁੱਖ ਕੁਦਰਤ ਨਾਲ ਸਾਡੀ ਸਾਂਝ ਦਾ ਵੱਡਾ ਤੇ ਉੱਚਾ-ਸੁੱਚਾ ਅੰਗ ਹਨ। ਗੁਰੂ ਨਾਨਕ ਦੇਵ ਜੀ ਨੇ ਕਾਇਨਾਤ ਦੇ ਵਡੱਪਣ ਤੇ ਸਭ ਨੂੰ ਇੱਕ ਸਮਾਨ ਗੋਦ ਲੈਣ ਦਾ ਗੁਣ ਇਸ ਪ੍ਰਕਾਰ ਦੱਸਿਆ ਹੈ-

**ਰੂਖਿ ਬਿਰਖਿ ਗ੍ਰਿਹਿ ਬਾਹਰਿ ਸੋਇ॥**

(ਮ:੧, ਅੰਗ ੨੨੩)

ਕੁਦਰਤ ਦੀ ਇਸ ਵਿਸ਼ਾਲਤਾ ਨੂੰ ਅਸੀਂ ਸਮਝਣ ਵਿੱਚ ਅਸਮਰਥ ਰਹੇ।ਲਗਾਤਾਰ ਰੁੱਖਾਂ ਦੀ ਕਟਾਈ ਕੀਤੀ ਜਿਸ ਨਾਲ ਜੀਵ-ਜੰਤੂਆਂ ਅਤੇ ਪੌਦਿਆਂ ਦੀ ਜਾਨ ਨੂੰ ਖ਼ਤਰਾ ਹੋ ਗਿਆ। ਖੇਤੀਬਾੜੀ ਵਾਲੀ ਜ਼ਮੀਨ ਭੂ-ਖੋਰ ਕਰਕੇ ਉਪਜਾਊ ਤੱਤ ਗੁਆ ਚੁੱਕੀ ਹੈ। ਪਾਣੀ ਦਾ ਖ਼ਾਰਾਪਨ ਵਧ ਰਿਹਾ ਹੈ। ਹੜ੍ਹਾਂ ਦੇ ਖ਼ਤਰੇ ਹੋਰ ਵੀ ਵਧ ਰਹੇ ਹਨ।ਰੁੱਖਾਂ ਦੀ ਕਮੀ ਕਾਰਨ ਪਾਣੀ ਦਾ ਵਹਾਉ ਬਦਲ ਰਿਹਾ ਹੈ ਤੇ ਮੌਸਮ ਵਿੱਚ ਲਗਾਤਾਰ ਤਬਦੀਲੀ ਆਈ ਹੈ। ਅਕਾਲ ਪੁਰਖ ਇਸ ਕਾਇਨਾਤ ਵਿੱਚ ਰਮਿਆ ਹੋਇਆ ਹੈ ਅਤੇ ਉਸਦੇ ਪੈਦਾ ਕੀਤੇ ਰੁੱਖ ਬੂਟੇ ਸਾਡੇ ਹੀ ਸੁੱਖਾਂ ਅਤੇ ਜੀਵਨ ਰੌਂ ਲਈ ਸਨ। ਗੁਰੂ ਨਾਨਕ ਦੇਵ ਜੀ ਸਮਝਾਉਣਾ ਕਰਦੇ ਹਨ ਕਿ ਧਰਤੀ ਇੱਕ ਕਾਗ਼ਜ਼ ਹੈ ਅਤੇ ਰੁੱਖ ਇਸ ਉੱਪਰ ਲਿਖੇ ਅੱਖਰ ਹਨ। ਇਸ ਲਈ ਰੁੱਖਾਂ ਨੂੰ ਸੰਭਾਲਣਾ,



ਪਾਲਣਾ ਤੇ ਸਤਿਕਾਰ ਕਰਨਾ ਸਾਡਾ ਮੁੱਢਲਾ ਫ਼ਰਜ਼ ਹੈ। ਇਸ ਧਰਤੀ ਉੱਪਰ ਰੁੱਖ, ਫਲ-ਫੁੱਲ, ਬਨਸਪਤੀ ਪੈਦਾ ਕਰਕੇ ਆਪ ਹੀ ਅਕਾਲ ਪੁਰਖ ਇਹਨਾਂ ਨੂੰ ਮਨੁੱਖੀ ਰੂਪ ਵਿੱਚ ਬੀਜ, ਪਾਲ ਤੇ ਖਾ ਰਿਹਾ ਹੈ, ਜਿਸਦੇ ਪੈਦਾ ਕੀਤੇ ਹੋਏ ਇਹ ਰੁੱਖ-ਬੂਟੇ ਹਨ ਓਹੀ ਇਹਨਾਂ ਨੂੰ ਸਜਾਵਟ ਵੀ ਦਿੰਦਾ ਹੈ-

**ਜਾ ਕੇ ਰੁਖ ਬਿਰਖ ਆਰਾਉ॥ ਜੇਹੀ ਧਾਤੁ ਤੇਹਾ ਤਿਨ ਨਾਉ॥**
**ਫੁਲੁ ਭਾਉ ਫਲੁ ਲਿਖਿਆ ਪਾਇ॥ ਆਪਿ ਬੀਜਿ ਆਪੇ ਹੀ ਖਾਇ॥**

(ਮ:੧, ਅੰਗ ੨੫)

ਰੁੱਖ ਸਾਨੂੰ ਸੰਘਣੀ ਛਾਂ ਦੇ ਰਹੇ ਹਨ। ਆਪ ਸੂਰਜ ਦੀਆਂ ਸਿੱਧੀਆਂ ਕਿਰਨਾਂ ਨੂੰ ਆਪਣੇ ਆਪ ਤੇ ਝੱਲ ਕੇ ਸਾਨੂੰ ਕੈਂਸਰ ਵਰਗੇ ਮਾਰੂ ਰੋਗ ਤੋਂ ਬਚਾਉਣ ਵਿੱਚ ਸਹਾਈ ਹੁੰਦੇ ਹਨ। ਠੰਡੀ ਛਾਂ ਦੇ ਕੇ ਹਿਰਦੇ ਤ੍ਰਿਪਤ ਤੇ ਸ਼ਾਂਤ ਕਰਦੇ ਹਨ। ਰੁੱਖਾਂ ਦੀ ਠੰਡੀ ਛਾਂ ਅਤੇ ਹਰਿਆਲੀ ਜੀਵਨ ਦੀ ਉਮੀਦ ਦਾ ਚਿੰਨ੍ਹ ਹਨ। ਛਾਵਾਂ ਹੁਣ ਸਾਡੇ ਕੋਲ ਨਹੀਂ ਰਹੀਆਂ। ਇਨ੍ਹਾਂ ਛਾਵਾਂ ਨੂੰ ਬਹਾਲ ਕਰਨ ਲਈ ਵੱਡੇ ਪੱਧਰ 'ਤੇ ਰੁੱਖ ਲਗਾਉਣੇ ਸਾਡੀ ਮਜ਼ਬੂਰੀ ਬਣਦੀ ਜਾ ਰਹੀ ਹੈ। ਰੁੱਖ ਸਾਡੇ ਲਈ ਨਿਰਮਾਣਤਾ ਤੇ ਪਰਉਪਕਾਰੀ ਬਿਰਤੀ ਦਾ ਵੀ ਪ੍ਰਤੀਕ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਜੇ ਮਨੁੱਖ ਆਪਣੇ ਅੰਦਰੋਂ ਹਉਮੈ ਭਾਵ ਛੱਡ ਚੰਗੇ ਕੰਮ ਕਰਨ ਲੱਗ ਜਾਵੇ ਤਾਂ ਉਸਦੇ ਅੰਦਰ ਇੱਕ ਰੁੱਖ ਵਰਗੀ ਬਿਰਤੀ ਪੈਦਾ ਹੋ ਜਾਵੇਗੀ। ਜਿਸ ਦੀਆਂ ਟਾਹਣੀਆਂ ਨਾਮ ਦੀਆਂ ਤੇ ਧਾਰਮਿਕ ਜੀਵਨ ਦੇ ਰੂਪ ਵਿੱਚ ਫਲ ਲੱਗੇਗਾ। ਧਾਰਮਿਕ ਪੁਰਸ਼ ਦਾ ਫ਼ਰਜ਼ ਹੈ ਕਿ ਉਹ ਆਪਣੇ ਆਲੇ-ਦੁਆਲੇ ਦਾ ਧਿਆਨ ਰੱਖਦਾ ਹੋਇਆ ਵਾਤਾਵਰਨ ਦੀ ਸੰਭਾਲ ਕਰੇ।ਰੁੱਖ-ਬੂਟਿਆਂ ਅਤੇ ਸ੍ਰਿਸ਼ਟੀ ਨੂੰ ਪਿਆਰ ਕਰੇ।ਇਸ ਤਰ੍ਹਾਂ ਉਸ ਅੰਦਰ ਪੈਦਾ ਹੋਈ ਚੰਗੀ ਬਿਰਤੀ ਦੇ ਰੁੱਖ ਨੂੰ ਪ੍ਰਭੂ ਪ੍ਰਾਪਤੀ ਦੇ ਪੱਤੇ ਲੱਗਣਗੇ ਤੇ ਨਿਰਮਾਣਤਾ ਸੰਘਣੀ ਛਾਂ ਹੋਵੇਗੀ। ਰੁੱਖਾਂ ਦੀ ਇਸ ਪ੍ਰਕਾਰ ਉਦਾਹਰਨ ਦਿੰਦੇ ਹੋਏ ਗੁਰੂ ਸਾਹਿਬ ਜੀ ਇਹਨਾਂ ਦੀ ਮਹਾਨਤਾ ਨੂੰ ਵੀ ਇੰਵ ਬਿਆਨਦੇ ਹਨ-

**ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ॥**
**ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ॥**

(ਮ:੧, ਅੰਗ ੧੧੬੮)

ਜੀਵਾਂ ਦੀ ਹੋਂਦ ਰੁੱਖਾਂ ਕਰਕੇ ਹੀ ਹੈ। ਇਹਨਾਂ ਰੁੱਖਾਂ ਬਿਨਾਂ ਅਸੀਂ ਆਪਣੀ ਹੋਂਦ ਬਰਕਰਾਰ ਨਹੀਂ ਰੱਖ ਸਕਦੇ। ਸਾਡੇ ਜੀਵਨ ਦੀ ਸਦੀਵਤਾ ਤੇ ਨਿਰੰਤਰਤਾ ਇਨ੍ਹਾਂ ਹਰੇ ਕਚੂਰ ਬੂਟਿਆਂ ਕਰਕੇ ਹੀ ਹੈ। ਧਰਤੀ ਦੇ ਸਭ ਜੀਵਾਂ

ਦਾ ਹੀ ਨਹੀਂ ਸਗੋਂ ਪਾਣੀ ਦੇ ਜੀਵਾਂ ਦਾ ਵੀ ਜੀਵਨ ਆਧਾਰ ਕਿਸੇ ਹੱਦ ਤਕ ਰੁੱਖ-ਬੂਟੇ ਹੀ ਹਨ; ਜਿਵੇਂ ਰੁੱਖ-ਬਿਰਖ ਪੁੰਗਾਰੇ ਦੀ ਬਹਾਰ ਵਿੱਚ ਫੁੱਟਦੇ ਹਨ।ਇਸੇ ਪ੍ਰਕਾਰ ਸਾਡੀ ਜ਼ਿੰਦਗੀ ਦੀ ਖੁਸ਼ਹਾਲੀ ਦਾ ਪ੍ਰਤੀਕ ਵੀ ਰੁੱਖ ਹੀ ਹਨ।ਇਹ ਸਾਰਾ ਜਗਤ ਕਾਦਰ ਨੇ ਹਰਿਆ ਕੀਤਾ ਹੈ-

**ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ॥**
**ਆਬ ਖਾਕੁ ਜਿਨਿ ਬੰਧਿ ਰਹਾਈ ਧੰਨੁ ਸਿਰਜਣਹਾਰੋ॥**

(ਮ: ੧, ਅੰਗ ੨੪)

ਇਹਨਾਂ ਰੁੱਖਾਂ ਨੇ ਹੀ ਸਫਲਤਾ ਪੂਰਵਕ ਸਾਡੀ ਜੀਵਨ ਬਹਾਰ ਨੂੰ ਨਿਰੰਤਰਤਾ ਦਿੱਤੀ ਹੋਈ ਹੈ। ਜ਼ਿੰਦਗੀ ਵੀ ਇੱਕ ਰੁੱਖ ਹੈ ਇਸ ਦਾ ਫ਼ਲ ਅੰਮ੍ਰਿਤਮਈ ਹੋ ਜਾਂਦਾ ਹੈ, ਜਦੋਂ ਅਸੀਂ ਸੁਭਾਵਿਕ ਜ਼ਿੰਦਗੀ ਜਿਊਂਦੇ ਹਾਂ। ਗੁਰਵਾਕ ਇਸ ਪ੍ਰਕਾਰ ਹਨ-

**ਸਫਲਿਓ ਬਿਰਖੁ ਅੰਮ੍ਰਿਤ ਫਲੁ ਪਾਵਹਿ॥**

(ਮ: ੧, ਅੰਗ ੧੦੩੩)

**ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ॥**

(ਮ: ੧, ਅੰਗ ੫੯)

**ਗੁਰੂ ਨਾਨਕ ਦੇਵ ਜੀ ਨੇ ਸਮਝਾਉਣਾ ਕੀਤਾ ਹੈ ਕਿ ਫੁੱਲ, ਫਲ ਤੋੜ ਕੇ ਇਹਨਾਂ ਨੂੰ ਕੇਵਲ ਆਪਣੇ ਬਣਾਉਣਾ ਸਿਆਣਪ ਨਹੀਂ, ਸਗੋਂ ਇਹਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਇਹਨਾਂ ਨੂੰ ਨੁਕਸਾਨ ਪਹੁੰਚਾਉਣ ਦੀ ਬਜਾਇ ਇਹਨਾਂ ਤੋਂ ਗੁਣ ਗ੍ਰਹਿਣ ਕਰਨੇ ਚਾਹੀਦੇ ਹਨ। ਫੁੱਲਾਂ ਵਿੱਚ ਰੱਬ ਵਰਗੇ ਗੁਣ ਹਨ, ਰੱਬ ਇਹਨਾਂ ਵਿੱਚ ਵਿਦਮਾਨ ਹੈ। ਰੁੱਖ ਸਾਨੂੰ ਪਿਤਾ ਪਰਮਾਤਮਾ ਵਾਂਗ ਹੀ ਸਾਡੇ ਦੁੱਖ-ਸੁੱਖ ਵਿੱਚ ਸਾਡੀ ਸੰਭਾਲ ਕਰਦੇ ਹਨ। ਸਾਡੀਆਂ ਬਿਪਤਾਵਾਂ ਆਪਣੇ ਸਿਰ ਲੈਂਦੇ ਹਨ, ਕਿਸੇ ਨਾਲ ਝਗੜੇ ਨਹੀਂ ਕਰਦੇ ਤੇ ਨਾ ਹੀ ਵਿਤਕਰਾ ਕਰਦੇ ਹਨ। ਪ੍ਰਭੂ ਗੁਣਾਂ ਨਾਲ ਭਰਪੂਰ ਰੁੱਖਾਂ ਤੋਂ ਸਾਨੂੰ ਸੇਧ ਲੈ ਕੇ ਦੁਨਿਆਵੀ ਕਾਰਵਿਹਾਰ ਨਿਭਾਉਂਦੇ ਹੋਏ ਸਮਾਜ ਸੇਵੀ ਸ਼ਖ਼ਸੀਅਤ ਦਾ ਨਿਰਮਾਣ ਕਰਨ ਦੀ ਲੋੜ ਹੈ। ਅਜਿਹੀ ਸ਼ਖ਼ਸੀਅਤ ਇਹਨਾਂ ਰੁੱਖਾਂ, ਬੂਟਿਆਂ ਤੇ ਵਾਤਾਵਰਨ ਦੀ ਸੰਭਾਲ ਕਰਦੇ ਹੋਏ ਕਾਦਰ ਦੀ ਕੁਦਰਤ ਨਾਲ ਓਤ-ਪੋਤ ਇਸ ਦੇ ਵਧਣ-ਫੁੱਲਣ ਵਿੱਚ ਸਹਾਇਕ ਹੋਵੇ ਨਾ ਕਿ ਕੁਦਰਤ ਵਿਰੋਧੀ ਸਰਗਰਮੀਆਂ ਕਰੇ।** ਗੁਰੂ ਨਾਨਕ ਦੇਵ ਜੀ ਇਸ ਪ੍ਰਕਾਰ ਸਮਝਾ ਰਹੇ ਹਨ-ਹੇ ਨਾਨਕ! ਸਰੀਰ ਮਾਨੋ ਫੁੱਲਾਂ ਵਾਲੇ ਬੂਟੇ ਦੀ ਕਰੂੰਬਲੀ ਹੈ ਤੇ ਪਰਮਾਤਮਾ ਦੇ ਗੁਣ ਇਸ ਕੋਮਲ ਟਾਹਣੀ ਦੇ ਫੁੱਲ ਹਨ। ਕੋਈ ਭਾਗਾਂ ਵਾਲਾ ਬੰਦਾ ਹੀ



ਇਹਨਾਂ ਫੁੱਲਾਂ ਦਾ ਹਾਰ ਗੁੰਦਦਾ ਹੈ।ਕੋਈ ਜੀਵ-ਮਨੁੱਖ ਇਹਨਾਂ ਫੁੱਲਾਂ ਵਿੱਚ ਲਗਨ ਲਾਏ ਭਾਵ ਇਹਨਾਂ ਕੁਦਰਤੀ ਗੁਣਾਂ ਨੂੰ ਗ੍ਰਹਿਣ ਕਰੇ ਤਾਂ ਹੋਰ ਕਰਮ-ਕਾਂਡ ਕਰਨ ਦੀ ਲੋੜ ਨਹੀਂ। ਪ੍ਰਭੂ ਦੀ ਬਣਾਈ ਇਸ ਕਾਇਨਾਤ ਦੀ ਸੁੰਦਰਤਾ ਅਤੇ ਗੁਣਾਂ ਨੂੰ ਗ੍ਰਹਿਣ ਕਰਨਾ ਹੀ ਪ੍ਰਭੂ ਮਿਲਾਪ ਦਾ ਵਸੀਲਾ ਹੈ-

**ਕਾਇਆ ਕੂਮਲ ਫੁਲ ਗੁਣ ਨਾਨਕ ਗੁਪਸਿ ਮਾਲ॥**
**ਏਨੀ ਫੁਲੀ ਰਉ ਕਰੇ ਅਵਰ ਕਿ ਚੁਣੀਅਹਿ ਡਾਲ॥**

(ਮ:੧, ਅੰਗ ੭੯੧)

ਗੁਰੂ ਸਾਹਿਬ ਜੀ ਨੇ ਫ਼ਰਮਾਇਆ ਹੈ ਕਿ ਜਗਤ ਸਤਿਗੁਰ ਦੀ ਬਖ਼ਸ਼ਿਸ਼ ਸਦਕਾ ਹਰਿਆ ਹੈ। ਇਸ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਆਪ ਹੀ ਹੈ ਤੇ ਆਪਣੇ ਫੁੱਲਾਂ, ਵੇਲਾਂ ਦੀ ਸੁਗੰਧੀ ਲੈਣ ਵਾਲਾ ਅਤੇ ਫੁੱਲਾਂ ਲੱਦਿਆ ਹੋਇਆ ਵੀ ਉਹ ਆਪ ਹੀ ਹੈ। ਉਹ ਆਪ ਹੀ ਭਵਰਾ ਹੈ ਤੇ ਆਪ ਹੀ ਵੇਲਾਂ ਦਾ ਫੁੱਲ ਹੈ। ਆਪ ਹੀ ਰਸ ਇਕੱਠਾ ਕਰਦਾ ਹੈ। ਸੋ ਕਾਦਰ ਦੀ ਕੁਦਰਤ ਨੂੰ ਪਿਆਰ ਕਰੀਏ, ਉਸ ਵੱਲੋਂ ਹੀ ਪੈਦਾ ਕੀਤੀ ਤੇ ਆਪ ਹੀ ਰਚੀ ਇਸ ਰਚਨਾ ਨੂੰ ਪ੍ਰਦੂਸ਼ਿਤ ਨਾ ਕਰੀਏ-

**ਆਪੇ ਭਵਰਾ ਫੂਲ ਬੇਲਿ॥ ਆਪੇ ਸੰਗਤਿ ਮੀਤ ਮੇਲਿ॥੧॥**
**ਐਸੀ ਭਵਰਾ ਬਾਸੁ ਲੇ॥ ਤਰਵਰ ਫੂਲੇ ਬਨ ਹਰੇ॥ਰਹਾਉ॥੧॥**

(ਮ:੧, ਅੰਗ ੧੧੯੦)



ਪਿੰਡ ਪੰਨਵਾਂ ਦੀ OWN (our wrold Need team) ਪੌਦਿਆਂ ਨੂੰ ਪਾਣੀ ਲਾਉਣ ਦੀ ਸੇਵਾ ਕਰਦੇ ਹੋਏ ।

# ਉੱਤਮ ਖੇਤੀ

ਗੁਰੂ ਨਾਨਕ ਦੇਵ ਜੀ ਆਪਣੀ ਪਾਵਨ ਬਾਣੀ ਅੰਦਰ ਰੁੱਖ ਬੂਟਿਆਂ ਤੋਂ ਇਲਾਵਾ ਖੇਤੀਬਾੜੀ ਸੰਬੰਧੀ ਤਾਕੀਦ ਕਰਦੇ ਹਨ ਕਿ ਖੇਤੀ ਨੂੰ ਪਿਆਰ ਨਾਲ ਸੰਭਾਲਣ ਤੇ ਕਰਨ ਨਾਲ ਹੀ ਸਹੀ ਫ਼ਸਲ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਨਾਨਕ ਦੇਵ ਜੀ ਨੇ ਖ਼ੁਦ ਕਰਤਾਰਪੁਰ ਵਿਖੇ ਖੇਤੀ ਵੀ ਕੀਤੀ। ਇਸ ਸਮੇਂ ਅਸੀਂ ਆਪਣੀ ਧਰਤੀ ਨੂੰ ਲਗਾਤਾਰ ਰਸਾਇਣਾਂ, ਖਾਦਾਂ ਤੇ ਕੀਟ-ਨਾਸ਼ਕਾਂ ਦੀ ਬੇਤਹਾਸ਼ਾ ਵਰਤੋਂ ਕਰ ਇਸ ਦੇ ਉਪਜਾਊ ਤੱਤ ਖ਼ਤਮ ਕਰ ਰਹੇ ਹਾਂ। ਧਰਤੀ ਪਹਿਲਾਂ ਉਪਜਾਊ ਸੀ ਪ੍ਰੰਤੂ ਅਜੋਕੇ ਸਮੇਂ ਵਿੱਚ ਉਪਜ ਲੈਣ ਲਈ ਬੇਲੋੜੀਆਂ ਖਾਦਾਂ ਦੀ ਵਰਤੋਂ ਕਰਕੇ ਧਰਤੀ ਦੀ ਉਪਜਾਊ ਪਰਤ ਨੂੰ ਨਸ਼ਟ ਕਰ ਲਿਆ ਗਿਆ ਹੈ। ਹਰੀ-ਕ੍ਰਾਂਤੀ ਨੇ ਮਿੱਤਰ ਜੀਵਾਂ ਤੇ ਪੰਛੀਆਂ ਨੂੰ ਖ਼ਤਮ ਕਰ ਦਿੱਤਾ ਹੈ।ਕਿਸਾਨ ਵੀਰਾਂ ਤੇ ਖਪਤਕਾਰਾਂ ਨੂੰ ਬੜੀ ਹੀ ਸਮਝਦਾਰੀ ਨਾਲ ਰਸਾਇਣਾਂ ਦੀ ਵਰਤੋਂ ਕਰਨੀ ਚਾਹੀਦੀ ਸੀ; ਪ੍ਰੰਤੂ ਫਲ, ਸਬਜ਼ੀਆਂ, ਅਨਾਜ ਸਭ ਨੂੰ ਬੀਜਣ, ਉੱਗਣ, ਵਧਣ-ਫੁਲਣ, ਪੱਕਣ ਤੇ ਸਟੋਰ ਕਰਨ ਤੋਂ ਇਲਾਵਾ ਕਿਸੇ ਨਾ ਕਿਸੇ ਰਸਾਇਣ ਦੀ ਵਰਤੋਂ ਕੀਤੀ ਗਈ ਹੈ ਜੋ ਕਿ ਸਾਡੀ ਸਿਹਤ ਨਾਲ ਸਿੱਧੇ ਰੂਪ ਵਿੱਚ ਖਿਲਵਾੜ ਹੈ। ਜ਼ਮੀਨ ਦੀ ਉਪਜਾਊ ਪਰਤ ਨੂੰ ਅਸੀਂ ਨਸ਼ਟ ਕਰ ਲਿਆ ਜਿਸਦੇ ਭਿਆਨਕ ਤੇ ਮਾਰੂ ਸਿੱਟੇ ਆਉਣੇ ਸ਼ੁਰੂ ਹੋ ਗਏ ਹਨ। ਧਰਤੀ ਦੀ ਜ਼ਰਖ਼ੇਜ਼ ਸ਼ਕਤੀ ਖ਼ਤਮ ਹੋ ਰਹੀ ਹੈ। ਗੁਰੂ ਨਾਨਕ ਦੇਵ ਜੀ ਲਾਹੇਵੰਦੀ ਖੇਤੀ ਬਾਰੇ ਸਮਝਾਉਂਦੇ ਹਨ ਕਿ ਗ਼ੈਰ-ਉਪਜਾਊ ਧਰਤੀ ਵਿੱਚ ਬੀਜ ਬੋ ਕੇ ਤੁਹਾਨੂੰ ਲਾਹਾ ਨਹੀਂ ਮਿਲਣ ਵਾਲਾ ਸਗੋਂ ਘਾਟੇ ਵੰਦਾ ਹੀ ਸੌਦਾ ਰਹੇਗਾ। ਇਸ ਸੰਬੰਧੀ ਆਪ ਜੀ ਸਾਨੂੰ ਤਾਕੀਦ ਕਰਦੇ ਹਨ-

**ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥**

(ਮ:੧, ਅੰਗ ੪੧੯)

ਸਾਡੇ ਸਮਾਜ ਵਿੱਚ ਆਮ ਇੱਕ ਗੱਲ ਸੁਣਨ ਨੂੰ ਮਿਲਦੀ ਹੈ ਕਿ ਕਿਸਾਨ ਦੀ ਸਿੱਧੀ ਓਟ ਅਕਾਲ ਪੁਰਖ 'ਤੇ ਹੁੰਦੀ ਹੈ। ਜਦੋਂ ਉਹ ਜ਼ਮੀਨ ਵਿੱਚ ਬੀਜ ਖਿਲਾਰ ਕੇ ਆਉਂਦਾ ਹੈ ਤਾਂ ਉਹ ਉੱਗ ਕੇ ਲਾਹੇਵੰਦ ਰੂਪ ਵਿੱਚ ਪਰਤ ਸਕਣ ਜਾਂ ਨਾ, ਇਹ ਕੁਰਦਤ ਦੇ ਮਿਜ਼ਾਜ 'ਤੇ ਨਿਰਭਰ ਕਰਦਾ ਹੈ। ਇਸੇ ਪ੍ਰਕਾਰ ਗੁਰੂ ਸਾਹਿਬ ਜੀ ਉਪਦੇਸ਼ ਕਰਦੇ ਹਨ ਕਿ ਖੇਤੀ ਵਣਜ ਉਸਦੀ ਓਟ 'ਤੇ ਹੀ ਕੀਤਾ ਜਾਂਦਾ ਹੈ-

**ਖੇਤੀ ਵਣਜੁ ਨਾਵੈ ਕੀ ਓਟ॥** (ਮ:੧, ਅੰਗ ੧੫੨)



ਇੱਥੇ ਉਲੇਖ ਕਰਨਾ ਉਚਿਤ ਹੋਵੇਗਾ ਕਿ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਖ਼ੁਦ ਹੱਥੀਂ ਕਿਰਤ ਕੀਤੀ, ਕਿਰਸਾਨੀ ਕੀਤੀ, ਨਾਮ ਜਪਿਆ ਤੇ ਕਿਰਤ ਦੀ ਕਮਾਈ ਵਿੱਚੋਂ ਵੰਡ ਛਕਣ ਦਾ ਉਪਦੇਸ਼ ਵੀ ਦ੍ਰਿੜ੍ਹ ਕਰਵਾਇਆ, ਉੱਥੇ ਇੱਕ ਕਿਸਾਨ ਦੇ ਰੂਪ ਵਿੱਚ ਸ਼ੁੱਧ ਖੇਤੀ ਕਰਨ ਦੀ ਪ੍ਰੇਰਣਾ ਵੀ ਦਿੱਤੀ ਹੈ। ਜਦੋਂ ਕਿ ਅਸੀਂ ਅੱਜ ਦੇ ਦਿਨ ਜ਼ਹਿਰਾਂ ਬੀਜ ਰਹੇ ਹਾਂ, ਕੀਟ-ਨਾਸ਼ਕਾਂ ਦੀ ਵਰਤੋਂ ਕਰਦੇ ਹੋਏ ਧਰਤੀ ਦੀ ਬਰਬਾਦੀ ਕਰ ਰਹੇ ਹਾਂ। ਗੁਰੂ ਸਾਹਿਬ ਜੀ ਨੇ ਆਪਣੇ ਸਮੇਂ ਦੇ ਖੇਤੀ ਕਰਦੇ ਇੱਕ ਇਮਾਨਦਾਰ ਮਿਹਨਤੀ ਕਿਸਾਨ ਦੀ ਉਦਾਹਰਨ ਦਿੰਦੇ ਹੋਏ ਸਮਝਾਇਆ ਹੈ ਕਿ ਸਾਨੂੰ ਆਪਣੇ ਈਮਾਨ ਨੂੰ ਪੱਕੇ ਕਰਦੇ ਹੋਏ ਖੇਤੀ ਕਰਨੀ ਚਾਹੀਦੀ ਹੈ। ਸਮਾਜ ਪ੍ਰਤੀ ਆਪਣੇ ਫ਼ਰਜ਼ਾਂ ਤੋਂ ਭੱਜਣਾ ਨਹੀਂ ਚਾਹੀਦਾ। **ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਸਾਨ ਦਾ ਕਿਰਦਾਰ ਦਰਸਾਇਆ ਗਿਆ ਹੈ। ਕਿਸਾਨ ਕਿੰਨਾ ਚਰਿੱਤਰਵਾਨ, ਉੱਚਾ-ਸੁੱਚਾ, ਖ਼ੁਦਾਈ ਭਰਪੂਰ ਗੁਣਵਾਨ ਹੋਵੇਗਾ। ਜਦੋਂ ਗੁਰੂ ਸਾਹਿਬ ਜੀ ਆਪਣੀ ਪਾਵਨ ਬਾਣੀ ਅੰਦਰ ਇੱਕ ਕਿਸਾਨ ਦੀ ਉਦਾਹਰਨ ਦਿੰਦੇ ਹੋਏ ਸਾਨੂੰ ਪ੍ਰਮਾਤਮਾ ਦਾ ਨਾਮ ਸਿਮਰਨ ਦੀ ਪ੍ਰੇਰਣਾ ਕਰਦੇ ਹਨ-ਹੇ ਮਨੁੱਖ! ਆਪਣੇ ਮਨ ਨੂੰ ਕਿਸਾਨ ਵਾਂਗ ਮਿਹਨਤੀ ਤੇ ਉੱਦਮੀ ਬਣਾ ਵਾਹੀ ਦਾ ਕੰਮ ਚੰਗੇ ਕਿਰਦਾਰ ਨਾਲ ਅਤੇ ਉੱਚੇ ਆਚਰਣ ਵਿੱਚ ਰਹਿ ਕੇ ਕਰ। ਕਿਸਾਨ ਵਾਂਗ ਮਿਹਨਤ ਦਾ ਪਾਣੀ ਸਿੰਜ। ਕਿਸਾਨ ਵਾਂਗ ਸਾਦਾ ਲਿਬਾਸ ਰੱਖ, ਗ਼ਰੀਬੀ ਭਾਵ ਨਿਰਮਾਣਤਾ ਵਾਲਾ ਵਿਵਹਾਰ ਕਰ,ਸਾਦਗੀ ਭਰਪੂਰ ਸਾਦਾ ਜੀਵਨ ਜਿਊਣ ਦੀ ਕੋਸ਼ਿਸ਼ ਕਰ। ਸਰੀਰ ਨੂੰ ਖੇਤ ਰੂਪ ਆਪਣੇ ਅੰਦਰ ਗੁਣ ਭਰ ਕੇ ਖੇਤੀ ਕਰ ਭਾਵ ਸਰੀਰ ਦੀ ਪੈਲੀ ਬਣਾ, ਧਰਤੀ ਵਾਂਗ ਵੱਡਾ ਜਿਗਰਾ ਰੱਖ। ਨਾਮ ਦਾ ਬੀਜ ਬੋ, ਸੰਤੋਖ ਰੂਪੀ ਵੱਡਾ ਗੁਣ ਧਾਰਨ ਕਰਕੇ ਇਸ ਨੂੰ ਸੁਹਾਗੇ ਰੂਪ ਵਿੱਚ ਵਰਤ, ਤਾਂ ਜੋ ਤੇਰੇ ਅੰਦਰ ਬੀਜੀ ਖੇਤੀ ਨੂੰ ਬਾਹਰਲੇ ਚੋਰ (ਵਿਕਾਰ) ਚੁਰਾ ਨਾ ਸਕਣ।** ਇਸ ਪ੍ਰਕਾਰ ਤੇਰਾ ਹਿਰਦਾ ਧਨਾਢ ਹੋ ਜਾਵੇਗਾ। ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ-

**ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥**
**ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥**
**ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ॥**

(ਮ:੧, ਅੰਗ ੫੯੫)

ਉਪਰੋਕਤ ਵਿਚਾਰ ਤੋਂ ਇਹ ਗੱਲ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਅੱਜ

ਦੇ ਕਿਸਾਨ ਅਤੇ ਗੁਰੂ ਨਾਨਕ ਦੇਵ ਜੀ ਵੱਲੋਂ ਉਲੇਖ ਕੀਤੇ ਗਏ ਕਿਸਾਨ ਦੇ ਕਿਰਦਾਰ ਵਿੱਚ ਕਾਫ਼ੀ ਅੰਤਰ ਆਇਆ ਹੈ, ਜਿਸ ਕਾਰਨ ਅੱਜ ਖੇਤੀ ਦੇ ਧੰਦੇ ਨੂੰ ਘਾਟੇਵੰਦਾ ਸੌਦਾ ਕਰਕੇ ਦੇਖਿਆ ਜਾ ਰਿਹਾ ਹੈ। ਅਸੀਂ ਕਿਤੇ ਨਾ ਕਿਤੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੋਂ ਦੂਰ ਭੱਜ ਕੇ ਖੁਆਰ ਹੋਏ ਹਾਂ। ਜੋ ਵਿਸ਼ਵ-ਵਿਆਪੀ ਸਿਧਾਂਤਕ ਖ਼ਜ਼ਾਨਾ ਪਹਿਲੇ ਪਾਤਸ਼ਾਹ ਜੀ ਵੱਲੋਂ ਬਖ਼ਸ਼ਿਆ ਗਿਆ ਸੀ ਜੇਕਰ ਇਸ ਨੂੰ ਸਮਝਿਆ ਤੇ ਸਹੀ ਅਰਥਾਂ ਵਿੱਚ ਕਮਾਇਆ ਗਿਆ ਹੁੰਦਾ ਤਾਂ ਅੱਜ ਦੇ ਕਰੂਰ ਦਿਨ ਦੇਖਣੇ ਨਾ ਪੈਂਦੇ। ਅੱਜ ਦੁਹਾਈ ਪਾਈ ਜਾ ਰਹੀ ਹੈ ਕਿ ਮਿਲਾਵਟ ਨਾ ਕੀਤੀ ਜਾਵੇ, ਤਾਂ ਕਿ ਆਮ ਨਾਗਰਿਕ ਦੀ ਸਿਹਤ ਨਾਲ ਹੋ ਰਹੇ ਖਿਲਵਾੜ ਨੂੰ ਨੱਥ ਪਾਈ ਜਾ ਸਕੇ, ਖੇਤੀ ਰਾਹੀਂ ਹੋ ਰਹੇ ਪ੍ਰਦੂਸ਼ਣ ਨੂੰ ਰੋਕਿਆ ਜਾਵੇ। ਖਾਦ-ਪਦਾਰਥਾਂ ਨੂੰ ਦੂਸ਼ਿਤ ਹੋਣ ਤੋਂ ਰੋਕਿਆ ਜਾਵੇ। ਪ੍ਰੰਤੂ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਗਏ ਕਿਰਦਾਰ ਅਨੁਸਾਰ ਕਿਸਾਨ ਖੇਤੀ ਕਰਦਾ ਤਾਂ ਉਹ ਸਮਾਜਿਕ, ਆਰਥਿਕ ਤੇ ਧਾਰਮਿਕ ਰੂਪ ਵਿੱਚ ਧਨਾਢ ਰਹਿੰਦਾ ਅਤੇ ਉਪਰੋਕਤ ਹਾਹਾਕਾਰ ਨਾ ਮੱਚਦੀ। ਆਮ ਵਿਅਕਤੀ ਦੀ ਸਿਹਤ ਵੀ ਬਚੀ ਰਹਿੰਦੀ ਤੇ ਅਸੀਂ ਤੰਦਰੁਸਤ ਜੀਵਨ ਜਿਊਂਦੇ। ਆਮ ਕਹਾਵਤ ਹੈ ਕਿ ਸਿਹਤਮੰਦ ਸਰੀਰ ਵਿੱਚ ਹੀ ਸਿਹਤਮੰਦ ਦਿਮਾਗ਼ ਹੁੰਦਾ ਹੈ; ਪ੍ਰੰਤੂ ਜਦੋਂ ਸਾਡੀ ਖ਼ੁਰਾਕੀ ਗੁਣਵੱਤਾ ਦਾ ਪੱਧਰ ਇੰਨਾ ਨੀਵਾਂ ਹੋ ਗਿਆ ਹੈ ਕਿ ਸਾਡੀਆਂ ਫ਼ਸਲਾਂ ਨੂੰ ਖ਼ਰੀਦਣ ਲਈ ਕੋਈ ਤਿਆਰ ਨਹੀਂ। ਖ਼ਾਸ ਕਰਕੇ ਪੰਜਾਬੀ ਕਿਸਾਨ ਜਿੱਥੇ ਗੁਰੂ ਨਾਨਕ ਦੇਵ ਜੀ ਦੀ ਜੰਮਣ ਭੌਂ ਸੀ, ਜਿੱਥੇ ਆਪ ਜੀ ਦੀਆਂ ਸਿੱਖਿਆਵਾਂ, ਮੁਹਾਵਰਿਆਂ ਤੇ ਅਖਾਣਾਂ ਦੇ ਰੂਪ ਵਿੱਚ ਲੋਕਾਂ ਦੀ ਜ਼ਬਾਨ 'ਤੇ ਸਨ, ਪੰਜਾਬੀ ਕਿਸਾਨ ਵੀ ਇਹਨਾਂ ਸਿੱਖਿਆਵਾਂ ਤੋਂ ਮੁਨਕਰ ਹੋਇਆ। ਭੂਮੀ ਪ੍ਰਦੂਸ਼ਣ ਨੇ ਸਾਡੀ ਸਰੀਰਿਕ, ਆਰਥਿਕ ਤੇ ਮਾਨਸਿਕ ਮਜ਼ਬੂਤੀ ਨੂੰ ਤਹਿਸ-ਨਹਿਸ ਕਰ ਦਿੱਤਾ। ਅੱਜ ਦੇ ਕਿਸਾਨ ਨੇ ਸਾਦਾ ਲਿਬਾਸ ਛੱਡ, ਕਰਜ਼ੇ ਚੁੱਕ, ਵੱਡੇ-ਵੱਡੇ ਬੇਲੋੜੇ ਖੇਤੀ ਸੰਦਾਂ ਦੀ ਖ਼ਰੀਦ ਕੀਤੀ। ਸ਼ੇਖੀ ਤੇ ਫੋਕੀ ਸ਼ੁਹਰਤ ਕਰਕੇ ਵੱਡੇ ਵਿਆਹ ਕੀਤੇ। ਨਿਮਰਤਾ ਦੇ ਗੁਣ ਨੂੰ ਛੱਡਿਆ, ਜਿਸ ਕਰਕੇ ਓਹੀ ਨਿਗੂਣੀ ਸ਼ਾਨ ਅੱਗੇ ਚੱਲ ਕਿਸਾਨ ਦੇ ਗਲੇ ਦਾ ਫਾਹਾ ਬਣੀ।ਅੱਜ ਪੰਜਾਬ ਦਾ ਕਿਸਾਨ ਖ਼ੁਦਕੁਸ਼ੀਆਂ ਕਰ ਰਿਹਾ ਹੈ। ਇੰਞ ਸਾਡੀ ਆਰਥਿਕਤਾ ਤੇ ਮਾਨਸਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਨੂੰ ਲੀਹੇ ਲਿਆਉਣ ਲਈ ਅੱਜ ਵੀ ਗੁਰੂ ਨਾਨਕ ਦੇਵ ਜੀ ਦੇ ਉਪਰੋਕਤ ਉਪਦੇਸ਼ ਕਾਰਗਰ ਹਨ, ਜਿਨ੍ਹਾਂ ਨੂੰ ਪੂਰਨ ਰੂਪ ਵਿੱਚ ਦ੍ਰਿੜ੍ਹ ਕਰਦੇ



ਹੋਏ ਆਪਣੇ ਜੀਵਨ ਦਾ ਅੰਗ ਬਣਾ ਲੈਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਾਨੂੰ ਲਗਾਤਾਰ ਦੱਸਿਆ ਹੈ ਕਿ ਕਿਵੇਂ ਇੱਕ ਕਿਸਾਨ ਉੱਚਾ-ਸੁੱਚਾ ਜੀਵਨ ਜਿਊਂਦੇ ਹੋਏ ਖੇਤੀ ਕਰਦਾ ਹੈ। ਧਾਰਮਿਕਤਾ ਤੇ ਅਧਿਆਤਮਿਕਤਾ ਵਿੱਚ ਓਤ-ਪੋਤ ਇਹਨਾਂ ਸਭ ਸਿੱਖਿਆਵਾਂ ਤੇ ਵਿਚਾਰਾਂ ਰਾਹੀਂ ਸਾਨੂੰ ਸਮਝਾਉਣਾ ਕੀਤਾ।ਖੇਤੀ ਅੱਜ ਲਾਹੇਵੰਦ ਧੰਦਾ ਨਹੀਂ ਰਿਹਾ ਕਿਉਂਕਿ ਅਸੀਂ ਆਪਣੀ ਫ਼ਿਜ਼ਾ ਨੂੰ ਪ੍ਰਦੂਸ਼ਿਤ ਕਰ ਲਿਆ ਹੈ।

**'ਬਲਿਹਾਰੀ ਕੁਦਰਤਿ ਵਸਿਆ'** ਦੇ ਉਪਦੇਸ਼ ਅਨੁਸਾਰ ਕਾਦਰ ਦੀ ਬਣਾਈ ਸ੍ਰਿਸ਼ਟੀ ਤੇ ਕੁਦਰਤ ਦੇ ਗੁਣਾਂ ਤੋਂ ਸਿੱਖਣ ਤੇ ਬਲਿਹਾਰ ਜਾਣ ਦੀ ਬਜਾਇ ਅਸੀਂ ਕੁਦਰਤ ਨਾਲ ਮੱਥਾ ਲਾਇਆ। ਪਾਣੀ ਨਾਲ ਪਿਤਾ ਤੇ ਧਰਤੀ ਨਾਲ ਮਾਤਾ ਵਾਲਾ ਸਲੂਕ ਨਹੀਂ ਕੀਤਾ, ਸਗੋਂ ਇਸ ਦੀ ਕੁੱਖ ਵਿੱਚੋਂ ਫ਼ਸਲਾਂ ਤੇ ਪਾਣੀ ਕੱਢਣ ਲਈ ਅੰਨ੍ਹੇਵਾਹ ਗ਼ੈਰ-ਕੁਦਰਤੀ ਹੱਥ-ਕੰਡੇ ਵਰਤੇ ਜੋ ਸਾਡੇ ਤਾਬੂਤ ਦਾ ਕਿੱਲ ਸਾਬਤ ਹੋਣਗੇ। ਸਾਨੂੰ ਗੁਰੂ ਨਾਨਕ ਦੇਵ ਜੀ ਦੇ ਹੇਠ ਲਿਖੇ ਉਪਦੇਸ਼ਾਂ ਨੂੰ ਮਨਾਂ ਵਿੱਚ ਵਸਾਉਣਾ ਹੋਵੇਗਾ। ਇਸ ਤਨ ਨੂੰ ਧਰਤੀ ਪਰ ਚੰਗੇ ਕਰਮਾਂ ਦੇ ਬੀਜ ਬੀਜਣੇ ਹੋਣਗੇ, ਮਨ ਨੂੰ ਚੰਗੇ ਕਿਰਦਾਰ ਵਾਲਾ ਕਿਸਾਨ ਬਣਾ ਕੇ ਨਾਮ ਦਾ ਪਾਣੀ ਪਾਉਣਾ ਹੋਵੇਗਾ, ਤਾਂ ਹੀ ਉੱਚ-ਪਦਵੀ (ਪਰਮ-ਪਦ) ਜੀਵਨ ਦੀ ਪ੍ਰਾਪਤੀ ਹੋ ਸਕਦੀ ਹੈ।ਆਪ ਜੀ ਦਾ ਉਪਦੇਸ਼ ਹੈ-

**ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥**
**ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥**

(ਮ:੧, ਅੰਗ ੨੩)

ਧਰਤੀ ਨੂੰ ਪ੍ਰਦੂਸ਼ਿਤ ਕਰਨਾ, ਵੱਧ ਲਾਭ ਲਈ ਪ੍ਰਦੂਸ਼ਿਤ ਫ਼ਸਲਾਂ ਪੈਦਾ ਕਰਨਾ, ਵਾਧੂ ਰਸਾਇਣਾਂ ਦੀ ਵਰਤੋਂ ਕਰਨਾ ਖੋਟੇ ਕਰਮ ਹਨ। ਝੂਠੇ ਖੋਟੇ ਸੌਦੇ ਕਰਨ ਨਾਲ ਤਨ ਮਨ ਖੋਟਾ ਹੋ ਜਾਂਦਾ ਹੈ। ਕੁਝ ਇਸੇ ਤਰ੍ਹਾਂ ਸਾਡੇ ਨਾਲ ਵਾਪਰਿਆ। ਸਾਡੇ ਕਿਸਾਨ ਭਾਈਚਾਰੇ ਨੇ ਫਲ ਸਬਜ਼ੀਆਂ ਦੀ ਖੇਤੀ ਅਤੇ ਨਾਲ ਲਗਦੇ ਸਹਾਇਕ ਧੰਦਿਆਂ ਨੂੰ ਵੀ ਦੂਸ਼ਿਤ ਕਰ ਲਿਆ। ਇਹ ਸਿਰਫ਼ ਕਿਸਾਨ ਲਈ ਹੀ ਨਹੀਂ ਸਗੋਂ ਕਿਸੇ ਵੀ ਸੌਦਾਗਰ, ਡੇਅਰੀ ਫਾਰਮਿੰਗ ਜਾਂ ਖਾਦ-ਪਦਾਰਥ ਪੈਦਾ ਕਰਨ ਵਾਲੇ ਲਈ ਨਸੀਹਤ ਹੈ ਕਿ ਅਜਿਹੇ ਖੋਟੇ ਕਰਮ ਨਹੀਂ ਕਰਨੇ ਚਾਹੀਦੇ। ਆਪਣੇ ਵਣਜ ਵਿੱਚ ਸ਼ੁੱਧਤਾ ਲਿਆਉਣੀ ਚਾਹੀਦੀ ਹੈ। ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਦ੍ਰਿੜ੍ਹ ਕਰਨ ਯੋਗ ਹੈ, ਨਹੀਂ ਤਾਂ ਅਸੀਂ ਆਪਣੇ ਫਾਥੇ ਜਾਲ ਵਿੱਚ ਆਪ ਹੀ ਫਸ ਜਾਵਾਂਗੇ ਤੇ ਖੁਆਰ ਹੋ

ਕੇ ਰੋਂਦੇ ਫਿਰਾਂਗੇ। ਗੁਰ ਉਪਦੇਸ਼ ਹੈ-

**ਖੋਟੇ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ॥**
**ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥**

(ਮ:੧, ਅੰਗ ੨੩)

**ਸਿਹਤਮੰਦ ਖ਼ੁਰਾਕ ਬਣਾਉਣੀ ਅਤੇ ਖਾਣੀ ਛੱਡ, ਸਾਨੂੰ ਸਿਹਤਮੰਦ ਦਿਮਾਗ਼ ਕਿੱਥੋਂ ਮਿਲਣਾ ਸੀ? ਸਾਡੇ ਅੰਦਰੋਂ ਅਧਿਆਤਮਿਕਤਾ ਘਟੀ ਤੇ ਗੁਰੂ ਦੇ ਉਪਦੇਸ਼ ਨੂੰ ਨਾ ਮੰਨ ਕੇ ਕੁਦਰਤ ਦੇ ਨਿਯਮਾਂ ਨਾਲ ਖਿਲਵਾੜ ਕੀਤਾ। ਕੁਦਰਤ ਨਾਲ ਇਹ ਖਿਲਵਾੜ ਵੀ ਗੁਰੂ ਨੂੰ ਪਿੱਠ ਦਿਖਾਉਣ ਦੇ ਤੁੱਲ ਹੈ। ਇਸ ਲਈ ਸਾਨੂੰ ਗੁਰੂ ਭੈਅ ਵਿੱਚ ਰਹਿੰਦਿਆਂ ਉਪਦੇਸ਼ਾਂ ਨੂੰ ਮੰਨਦਿਆਂ ਖੇਤੀ ਕਰਨ ਦਾ ਹੁਕਮ ਹੈ ਜਿਸ ਨਾਲ ਅਸੀਂ ਸਹੀ ਅਰਥਾਂ ਵਿੱਚ ਸਰੀਰਿਕ, ਸਮਾਜਿਕ, ਆਰਥਿਕ ਤੇ ਅਧਿਆਤਮਿਕ ਰੂਪ ਵਿੱਚ ਮਜ਼ਬੂਤ ਹੋਵਾਂਗੇ। ਜੇ ਸੁਚੇਤ ਹੋ ਜਾਗਦੇ ਰਹਾਂਗੇ ਤਾਂ ਹੀ ਸਾਡੀ ਖੇਤੀ ਸੋਹਣੀ ਤੇ ਲਹਿ-ਲਹਾਉਂਦੀ ਹੋਵੇਗੀ, ਜਿਸ ਨੂੰ ਚੋਰ ਨਹੀਂ ਚੁਰਾ ਸਕੇਗਾ।** ਗੁਰ ਵਾਕ ਹੈ-

**ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰੁ ਨ ਲਾਗੈ॥**

(ਮ:੧, ਅੰਗ ੧੧੭੦)



ਪਿੰਡ ਪੰਨਵਾਂ ਦੀ OWN (our wrold Need team) ਨਵੇਂ ਪੌਦੇ ਲਗਾਉਣ ਦੀ ਸੇਵਾ ਕਰਦੇ ਅਤੇ ਵੇਲ੍ਹ ਸਮੇਂ ਚਾਹ-ਪਾਣੀ ਛਕਦੇ ਹੋਏ ।



# ਸ਼ੋਰ ਪ੍ਰਦੂਸ਼ਣ ਅਤੇ ਧਰਮ ਦੀ ਭੂਮਿਕਾ

ਧਿਆਨ ਦੇਣ ਯੋਗ ਹੈ ਕਿ ਕੇਵਲ ਹਵਾ, ਪਾਣੀ, ਧਰਤੀ ਆਦਿ ਪ੍ਰਦੂਸ਼ਿਤ ਹੋਣ ਨਾਲ ਇਨਸਾਨ ਪ੍ਰਭਾਵਿਤ ਨਹੀਂ ਹੁੰਦਾ ਸਗੋਂ ਆਵਾਜ਼ ਪ੍ਰਦੂਸ਼ਣ ਵੀ ਬਹੁਤ ਘਾਤਕ ਹੈ, ਜੋ ਸਾਨੂੰ ਹੌਲੀ-ਹੌਲੀ ਮੌਤ ਦੇ ਮੂੰਹ ਵਿੱਚ ਸੁੱਟ ਰਿਹਾ ਹੈ। ਜਿੱਥੇ ਹਵਾ, ਪਾਣੀ ਸਿੱਧੇ ਤੌਰ 'ਤੇ ਸਾਡੇ ਅੰਦਰ ਜਾ ਕੇ ਸਾਡੇ ਸਰੀਰ ਨੂੰ ਤੇਜ਼ੀ ਨਾਲ ਮਾਰਦੇ ਹਨ ਉੱਥੇ ਆਵਾਜ਼ ਪ੍ਰਦੂਸ਼ਣ ਸਾਨੂੰ ਮਾਨਸਿਕ ਤੇ ਸਰੀਰਿਕ ਅਪਾਹਿਜਤਾ ਵਾਲੇ ਪਾਸੇ ਧੱਕ ਰਿਹਾ ਹੈ। ਸਿੱਧੇ ਸ਼ਬਦਾਂ ਵਿੱਚ ਆਵਾਜ਼ ਪ੍ਰਦੂਸ਼ਣ ਇੱਕ ਮੱਧਮ ਮੌਤ ਹੈ।ਵਿਗਿਆਨੀ ਵਿਕਟਰ ਗੁਰੁਆਨ ਦੇ ਅਨੁਸਾਰ-

**"ਸ਼ੋਰ ਮੌਤ ਦਾ ਇੱਕ ਮੱਧਮ ਏਜੰਟ ਹੈ।"**

ਸ਼ੋਰ ਪ੍ਰਦੂਸ਼ਣ ਨਾ ਕੇਵਲ ਮਨੁੱਖ ਨੂੰ ਪ੍ਰਭਾਵਿਤ ਕਰਦਾ ਹੈ ਸਗੋਂ ਜੀਵਾਂ ਅਤੇ ਬਨਸਪਤੀ ਨੂੰ ਵੀ ਨੁਕਸਾਨਦੇਹ ਹੈ। ਸ਼ੋਰ ਪ੍ਰਦੂਸ਼ਣ ਅਣਚਾਹੀ ਆਵਾਜ਼ ਹੈ ਜੋ ਸਾਡਾ ਦਿਲ ਕੱਚਾ ਕਰਦੀ ਹੈ ਤੇ ਸਾਨੂੰ ਉਲਟੀ ਆਉਂਦੀ ਹੈ। ਇਸ ਅਣਚਾਹੀ ਆਵਾਜ਼ ਨਾਲ ਬੋਲਾਪਨ ਆਉਂਦਾ ਹੈ, ਚੱਕਰ ਆਉਂਦੇ ਹਨ ਤੇ ਸਾਡੇ ਦਿਲ ਤੇ ਸਿਰ ਦੀਆਂ ਨਸਾਂ ਪ੍ਰਭਾਵਿਤ ਹੁੰਦੀਆਂ ਹਨ। ਆਵਾਜ਼ ਪ੍ਰਦੂਸ਼ਣ ਫੈਕਟਰੀਆਂ ਤੋਂ ਨਿਕਲਣ ਵਾਲੀਆਂ ਉੱਚੀਆਂ ਆਵਾਜ਼ਾਂ, ਰੇਲ, ਸੜਕੀ ਤੇ ਹਵਾਈ ਆਵਾਜਾਈ ਤੋਂ ਨਿਕਲਣ ਵਾਲੀਆਂ ਆਵਾਜ਼ਾਂ ਤੋਂ ਪੈਦਾ ਹੁੰਦਾ ਹੈ। ਮਸ਼ੀਨਾਂ, ਜਨਰੇਟਰਾਂ, ਘੁੱਗੂਆਂ, ਮੋਟਰ-ਗੱਡੀਆਂ ਤੋਂ ਪੈਦਾ ਹੁੰਦਾ ਹੈ। ਰੋਜ਼ਾਨਾ ਕੰਮਕਾਜ, ਧਾਰਮਿਕ, ਰਾਜਨੀਤਿਕ ਜਲਸਿਆਂ ਵਿੱਚ ਲਾਊਡ ਸਪੀਕਰਾਂ ਦੀ ਉੱਚੀ ਆਵਾਜ਼ ਵੀ ਆਹਟ ਕਰਦੀ ਹੈ। ਤਿਉਹਾਰਾਂ, ਮੇਲਿਆਂ ਤੇ ਵਿਆਹਾਂ ਦੇ ਜਸ਼ਨਾਂ ਤੋਂ ਨਿਕਲੀਆਂ ਬੇਲੋੜੀਆਂ ਉੱਚੀ ਆਵਾਜ਼ਾਂ ਵੀ ਸਾਨੂੰ ਪ੍ਰਭਾਵਿਤ ਕਰਦੀਆਂ ਹਨ। ਸ਼ੋਰ ਖ਼ੂਨ ਦਾ ਵਹਾਅ ਤੇ ਦਿਲ ਦੀ ਧੜਕਣ ਨੂੰ ਪ੍ਰਭਾਵਿਤ ਕਰਦਾ ਹੈ ਤੇ ਕਈ ਵਾਰ ਦਿਲ ਦੇ ਦੌਰੇ ਦਾ ਕਾਰਨ ਵੀ ਬਣਦਾ ਹੈ। ਸਾਡੀ ਇਕਾਗਰਤਾ ਭੰਗ ਕਰਦਾ ਹੋਇਆ ਮਾਨਸਿਕ ਬੀਮਾਰੀਆਂ ਜਿਵੇਂ ਚਿੰਤਾ, ਤਨਾਅ ਆਦਿ ਨੂੰ ਜਨਮ ਦਿੰਦਾ ਹੈ।

ਅੱਜ ਦੇ ਖੱਪਖਾਨੇ ਭਾਵ ਮੋਟਰ ਗੱਡੀਆਂ, ਉਦਯੋਗਾਂ, ਸਪੀਕਰਾਂ, ਉੱਚੀਆਂ ਆਵਾਜ਼ਾਂ ਨੇ ਸਾਡੀ ਮਾਨਸਿਕਤਾ ਨੂੰ ਅਸੰਤੁਲਿਤ ਕਰ ਦਿੱਤਾ ਹੈ, ਜਿਸ ਕਰਕੇ ਮਾਨਸਿਕ ਰੋਗ ਤੇ ਤਣਾਅ ਪੈਦਾ ਹੋ ਚੁੱਕੇ ਹਨ। ਅਜਿਹਾ ਉਦੋਂ ਹੁੰਦਾ ਹੈ ਜਦੋਂ ਬੇਲੋੜੀਆਂ ਤੇ ਅਣਇੱਛਿਤ ਆਵਾਜ਼ਾਂ ਜ਼ਬਰੀ ਸੁਣਨੀਆਂ ਪੈਂਦੀਆਂ ਹਨ। ਇਸ ਨਾਲ ਬੋਲਾਪਣ ਦਾ ਦੋਸ਼ ਆਉਂਦਾ ਹੈ। ਆਵਾਜ਼ ਪ੍ਰਦੂਸ਼ਣ

ਦਿਲ ਦੀ ਧੜਕਣ ਵਧਾਉਂਦਾ ਹੈ, ਖ਼ੂਨ ਦੀਆਂ ਨਾੜੀਆਂ ਨੂੰ ਸੁੰਗੇੜ ਦਿੰਦਾ ਹੈ, ਜਿਸ ਕਾਰਨ ਖ਼ੂਨ ਦਾ ਦਬਾਅ ਵਧਦਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਸਾਡਾ ਆਲਾ-ਦੁਆਲਾ ਇਕਸੁਰ, ਇਕ ਰਾਗ ਵਿੱਚ ਅਕਾਲ ਪੁਰਖ ਦੇ ਗੁਣ ਗਾਇਣ ਕਰ ਰਿਹਾ ਹੈ। ਸਾਰੀ ਕੁਦਰਤ ਇਕ ਰਾਗ ਹੈ, ਸੰਗੀਤਕ ਧੁਨਾਂ ਸਾਨੂੰ ਆਨੰਦਿਤ ਕਰ ਰਹੀਆਂ ਹਨ। ਸਾਨੂੰ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਨਦੀਆਂ, ਝਰਨਿਆਂ ਦੀ ਕਲ੍ਹ-ਕਲ੍ਹ ਨੂੰ ਸੁਣਨਾ ਚਾਹੀਦਾ ਹੈ। ਵਿਹਲ ਤੇ ਫੁਰਸਤ ਦੇ ਪਲਾਂ ਵਿੱਚ ਕੁਦਰਤ ਨਾਲ ਇੱਕ-ਮਿੱਕ ਹੋ ਕੇ ਰੱਬੀ ਸੰਗੀਤ ਨੂੰ ਮਾਣਨਾ ਚਾਹੀਦਾ ਹੈ। ਗੁਰੂ ਨਾਨਕ ਬਾਣੀ ਅਨੁਸਾਰ ਹਵਾ,ਪਾਣੀ,ਅਗਨੀ,ਧਰਮ ਰਾਜਾ ਸਭ ਪ੍ਰਮਾਤਮਾ ਦੇ ਗੁਣ ਗਾ ਰਹੇ ਹਨ।

**ਗਾਵਨਿ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ॥**

(ਮ:੧, ਅੰਗ ੮)

ਬ੍ਰਹਿਮੰਡੀ ਨਾਦਾਂ ਅਤੇ ਆਤਮਿਕ ਆਨੰਦ ਤਾਂ ਹੀ ਸੰਭਵ ਹੈ ਜੇ ਕੁਦਰਤ ਨਾਲ ਇਕਸੁਰਤਾ ਬਣੀ ਰਹੇਗੀ। ਇਕ ਅਨੁਸ਼ਾਸਨਮਈ ਜ਼ਿੰਦਗੀ ਦੀ ਰਵਾਨਗੀ ਇਕਸਾਰ ਆਨੰਦ ਬਣਾਈ ਰੱਖਦੀ ਹੈ। ਕੁਦਰਤੀ ਨਜ਼ਾਰੇ ਅਨੁਸ਼ਾਸਨ ਵਿੱਚ ਰਹਿ ਕੇ ਮਾਣੇ ਜਾ ਸਕਦੇ ਹਨ। ਸਾਰੀ ਸ੍ਰਿਸ਼ਟੀ ਅਨੁਸ਼ਾਸਨਮਈ ਲੈਅ ਵਿੱਚ ਇਕਤਾਰ ਤੇ ਇਕਸੁਰ ਚਲ ਰਹੀ ਹੈ। ਵਾਯੂ-ਮੰਡਲ, ਖੰਡ, ਬ੍ਰਹਿਮੰਡ, ਮੰਡਲ ਲਗਾਤਾਰ ਕਰਤਾ ਦੇ ਗੁਣ ਗਾ ਰਹੇ ਹਨ।ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰੇ ਕਰਤਾ ਦੇ ਬੰਨ੍ਹੇ ਹੋਏ, ਰਚ ਕੇ ਟਿਕਾਏ ਹੋਏ ਗੁਣ ਗਾ ਰਹੇ ਹਨ।

**ਗਾਵਨਿ੍ ਤੁਧਨੋ ਖੰਡ ਮੰਡਲ ਬ੍ਰਹਮੰਡਾ ਕਰਿ ਕਰਿ ਰਖੇ ਤੇਰੇ ਧਾਰੇ॥**

(ਮ:੧, ਅੰਗ ੩੪੭)

ਗੁਰਦੁਆਰਿਆਂ, ਮੰਦਰਾਂ, ਮਸੀਤਾਂ, ਮੱਠਾਂ ਵਿੱਚ ਧਾਰਮਿਕ ਰੀਤਾਂ ਰਸਮਾਂ ਤੇ ਜਲਸਿਆਂ ਰਾਹੀਂ ਪੈਦਾ ਹੁੰਦਾ ਸ਼ੋਰ ਵੀ ਕਿਸੇ ਹੱਦ ਤਕ ਇਸ ਪ੍ਰਦੂਸ਼ਣ ਨੂੰ ਬੜਾਵਾ ਦੇ ਰਿਹਾ ਹੈ। ਇਹ ਮੁੱਦਾ ਭਾਵੇਂ ਕਿ ਧਾਰਮਿਕ ਆਸਥਾ ਨਾਲ ਜੁੜਿਆ ਹੋਇਆ ਹੈ ਪਰ ਇੱਥੇ ਅਸੀਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਦਾਇਰੇ ਵਿੱਚ ਰਹਿ ਕੇ ਵਿਸ਼ਲੇਸ਼ਣ ਕਰਾਂਗੇ ਕਿ ਕੀ ਉੱਚੀ ਆਵਾਜ਼ਾਂ ਵਿੱਚ ਧਾਰਮਿਕ ਰਸਮਾਂ ਤੇ ਕਾਰਜਾਂ ਨੂੰ ਨਿਭਾਉਣ ਦੀ ਜ਼ਰੂਰਤ ਹੈ? ਆਉ ਇਸ ਸੰਬੰਧੀ ਗੁਰੂ ਨਾਨਕ ਬਾਣੀ ਦਾ ਸਹਾਰਾ ਲਈਏ। ਗੁਰਮਤਿ ਦਾ ਮਾਰਗ ਸਹਿਜ ਮਾਰਗ ਹੈ ਜੋ ਕਿ ਬਹੁਤ ਉੱਤਮ ਤੇ ਉਸਾਰੂ ਹੈ। ਗੁਰੂ ਨਾਨਕ ਆਸ਼ੇ ਅਨੁਸਾਰ ਸਹਿਜ ਵਾਲਾ ਰਹਿਣ-ਸਹਿਣ, ਸਹਿਜ ਗਾਉਣ ਵਾਲਾ ਜੀਵਨ



ਜਿਊਣ ਦੀ ਹਦਾਇਤ ਹੈ। **ਅੰਮ੍ਰਿਤ ਵੇਲੇ ਚਿੜੀਆਂ ਦਾ ਚਹਿ-ਚਹਾਉਣਾ ਕੰਨਾਂ ਨੂੰ ਸਕੂਨ ਦਿੰਦਾ ਸੀ। ਬੱਦਲਾਂ ਦੀ ਗਰਜ਼ ਮਨਮੋਹਿਤ ਕਰਦੀ ਸੀ। ਬਲਦਾਂ ਦੀਆਂ ਟੱਲੀਆਂ ਦੀ ਟੁਣਕਾਰ ਸਵੇਰੇ ਮਨ ਨੂੰ ਮਿੱਠੀ ਲਗਦੀ ਸੀ। ਫ਼ਸਲਾਂ ਦੀ ਲਹਿਲਹਾ ਤੇ ਛਰਛਰ, ਪਾਣੀ ਦੀ ਕਲ੍ਹ-ਕਲ੍ਹ ਅੰਮ੍ਰਿਤ ਵੇਲੇ ਸਕੂਨ ਦਿੰਦੀ ਸੀ। ਇਹ ਸਭ ਕਾਦਰ ਦੀ ਕੁਦਰਤ ਨਾਲ ਜੋੜਨ ਦਾ ਵਧੀਆ ਵਸੀਲਾ ਸੀ। ਇਨਸਾਨ ਆਪਣੇ ਆਪ ਹੀ ਅੰਤਰ-ਆਤਮੇ, ਆਲੇ-ਦੁਆਲੇ ਨਾਲ ਜੁੜਦਾ ਤੇ ਕਰਤੇ ਦੀ ਵਾਹ-ਵਾਹ ਕਰਦਾ ਸੀ। ਉਸ ਨਾਲ ਜੁੜ ਕੇ ਮਾਨਸਿਕ ਅਤੇ ਅਧਿਆਤਮਿਕ ਤੌਰ 'ਤੇ ਮਜ਼ਬੂਤ ਹੁੰਦਾ ਸੀ। ਪ੍ਰੰਤੂ ਅੱਜ ਸਾਡੀ ਜ਼ਿੰਦਗੀ ਕਾਹਲ ਤੇ ਦੌੜ-ਭੱਜ ਵਾਲੀ ਬਣ ਗਈ ਹੈ। ਅੰਮ੍ਰਿਤ ਵੇਲੇ ਤੋਂ ਹੀ ਗੱਡੀਆਂ ਦੀ ਟੀਂ-ਟੀਂ, ਪੈਂ-ਪੈਂ ਸਾਡੀ ਮਾਨਸਿਕਤਾ ਨੂੰ ਭਟਕਾ ਦਿੰਦੀ ਹੈ। ਸਵੇਰ ਤੋਂ ਹੀ ਸਪੀਕਰਾਂ ਦਾ ਸ਼ੋਰ ਸਾਡੀ ਸ਼ਾਂਤੀ ਨੂੰ ਨਸ਼ਟ ਕਰ ਦਿੰਦਾ ਹੈ। ਜੁੜਨ ਦੀ ਬਜਾਇ ਸਾਡੀ ਇਕਾਗਰਤਾ ਟੁੱਟ ਰਹੀ ਹੈ।** ਸਾਨੂੰ ਇਸ ਗੰਭੀਰ ਮੁੱਦੇ ਉੱਤੇ ਗੁਰਬਾਣੀ ਦੇ ਸੰਦਰਭ ਵਿੱਚ ਵਿਚਾਰ-ਚਰਚਾ ਕਰਨੀ ਪਵੇਗੀ। ਗੁਰੂ ਨਾਨਕ ਦੇਵ ਜੀ ਅਨੁਸਾਰ ਸਹਿਜ ਮਾਰਗ ਹੀ ਅਕਾਲ ਪੁਰਖ ਨਾਲ ਜੁੜਨ ਦਾ ਵਸੀਲਾ ਹੈ। ਗੁਰਬਾਣੀ ਰਾਗਬੱਧ ਹੈ ਜਿਸ ਦੀਆਂ ਸੰਗੀਤਕ ਸੁਰਾਂ ਸਾਨੂੰ ਆਨੰਦ ਦੇ ਕੇ ਮੰਤਰ ਮੁਗਧ ਕਰਦੀਆਂ ਹਨ ਨਾ ਕਿ ਉੱਚੀ-ਉੱਚੀ ਸਪੀਕਰਾਂ ਰਾਹੀਂ ਜਲਸੇ ਤੇ ਧਾਰਮਿਕ ਕਾਰਜ ਸਾਨੂੰ ਅਸਲੇ ਨਾਲ ਜੋੜਦੇ ਹਨ। ਜਿਸ ਵਿਸਮਾਦ ਦੀ ਗੱਲ ਗੁਰੂ ਨਾਨਕ ਦੇਵ ਜੀ ਨੇ ਕੀਤੀ ਸੀ ਕਿ ਅਸਚਰਜ ਅਤੇ ਵਜ਼ਦ ਵਿੱਚ ਆ, ਉਸ ਦੀ ਕੁਦਰਤ ਨੂੰ ਸਮਝ ਕੇ ਤਾਂ ਇਨਸਾਨ ਗੂੰਗਾ ਤੇ ਚੁੱਪ ਹੋ ਜਾਂਦਾ ਹੈ। ਉਹ ਅੱਜ ਰੌਲਾ ਕਿਉਂ ਪਾਉਣ ਲੱਗ ਗਿਆ? ਅੰਮ੍ਰਿਤ ਵੇਲੇ ਉੱਠ ਨਾਮ ਸੁਣਨ, ਸਿਮਰਨ ਕਰਨ ਅਤੇ ਮਹਿਸੂਸ ਕਰਨ ਦਾ ਹੁਕਮ ਸੀ। ਅਕਾਲ ਪੁਰਖ ਤਾਂ ਸਦਾ ਹਾਜ਼ਰਾ-ਹਜ਼ੂਰ ਹੈ। ਉੱਚੀ ਪੁਕਾਰ ਕੇ ਉਸ ਨੂੰ ਸੁਣਾਇਆ ਜਾਂਦਾ ਹੈ ਜੋ ਦੂਰ ਹੋਵੇ।ਉਸ ਨੂੰ ਸੁਣਨਾ ਹੋਵੇ ਤਾਂ ਹਲਟਾਂ ਦੀ ਹਰਹਟ ਵਿੱਚ ਵੀ ਸੁਣਿਆ ਜਾ ਸਕਦਾ ਹੈ। ਖ਼ੂਹਾਂ, ਹਲਟਾਂ ਦੀ ਮਿੱਠੀ ਆਵਾਜ਼ ਵੀ ਉਸ ਦੀ ਹੋਂਦ ਨੂੰ ਬਿਆਨਦੀ ਹੈ। ਉਸ ਨੂੰ ਤਿੱਤਰ ਦੀ 'ਭਗਵਾਨ ਤੇਰੀ ਕੁਦਰਤ' ਨੂੰ ਬੋਲਦੇ ਹੋਏ ਸੁਣ ਕੇ ਵੀ ਮਹਿਸੂਸ ਕੀਤਾ ਜਾ ਸਕਦਾ ਹੈ ਜੋ ਕਿ ਜਗਿਆਸੂ ਨੂੰ ਆਨੰਦਿਤ ਕਰਦੀ ਹੈ। ਉੱਚੀ ਬੋਲ ਕਿਸ ਨੂੰ ਸੁਣਾਉਣਾ ਤੇ ਸਮਝਾਉਣਾ ਚਾਹੁੰਦੇ ਹਾਂ। ਅਕਾਲ ਪੁਰਖ ਆਪ ਹੀ ਸਭ ਜਾਣਦਾ ਹੈ। ਆਪਣੇ ਦੁੱਖਾਂ, ਅਰਦਾਸਾਂ, ਸ਼ੁਕਰਾਨਿਆਂ ਨੂੰ ਉੱਚੀ-ਉੱਚੀ ਬੋਲ ਕੇ ਦੂਸਰਿਆਂ ਨੂੰ ਦੱਸਣਾ ਤੇ ਪ੍ਰਭਾਵਿਤ ਕਰਨਾ, ਧਰਮ ਕਾਰਜ ਨਹੀਂ ਹੈ। ਉੱਚਾ ਬੋਲਣਾ, ਧਾਰਮਿਕ

ਬਿਰਤੀ ਨਹੀਂ ਹੈ।ਉਹ ਆਪੇ ਕਾਰਕ ਤੇ ਜਾਣੀ-ਜਾਣ ਹੈ। ਗੁਰੂ ਸਾਹਿਬ ਜੀ ਇਸ ਸੰਬੰਧੀ ਨਿਖੇੜਾ ਕਰਦੇ ਹਨ-

**ਊਚਾ ਨਹੀ ਕਹਣਾ ਮਨ ਮਹਿ ਰਹਣਾ॥ ਆਪੇ ਜਾਣੈ ਆਪਿ ਕਰੇ॥**

(ਮ:੧, ਅੰਗ ੮੭੭)

ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਬਾਰ-ਬਾਰ ਸਮਝਾਇਆ ਹੈ ਕਿ ਬਬੀਹੇ ਤੂੰ ਸਹਿਜ ਬੋਲ, ਉੱਚੀ ਨਾ ਪੁਕਾਰ ਭਾਵ ਹੇ ਮਨੁੱਖ! ਤੂੰ ਆਪਣੇ ਜੀਵਨ ਵਿੱਚ ਸਹਿਜ ਲਿਆ। ਉੱਚੀ ਬੋਲ ਕੇ ਪ੍ਰਾਪਤੀ ਨਹੀਂ ਹੋਣੀ ਸਗੋਂ ਸਹਿਜ ਵਿਚਰ ਕੇ ਸਹਿਜ ਨਾਲ ਹੀ ਉਹ ਸਾਡੀ ਵੇਦਨਾ ਨੂੰ ਸੁਣਦਾ ਤੇ ਮੰਨਦਾ ਹੈ। ਜੇਕਰ ਤੂੰ ਸਹਿਜ ਵਿੱਚ ਰਹੇਂਗਾ ਤਾਂ ਹੀ ਉਸ ਦੇ ਬਖਸ਼ੇ ਸੱਚੇ ਸ਼ਬਦ ਨਾਲ ਜੁੜ ਸਕੇਂਗਾ ਤੇ ਉਸ ਦੇ ਬਖਸ਼ੇ ਅੰਮ੍ਰਿਤਮਈ ਜਲ ਦੀ ਛਹਿਬਰ ਨੂੰ ਸਮਝੇਂਗਾ। ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਉੱਚੀ ਬੋਲਣਾ ਸੁੱਖ ਨਹੀਂ ਤੇ ਨਾ ਹੀ ਉਹ ਪ੍ਰਮਾਤਮਾ ਉੱਚੀ ਬੋਲਣ ਨਾਲ ਰੀਝਦਾ ਹੈ; ਸਗੋਂ ਉਹ ਤਾਂ ਹਰ ਹਿਰਦੇ ਵਿੱਚ ਵਿਆਪਕ ਹੈ। ਜਦੋਂ ਉਹ ਸਾਡੇ ਅੰਦਰ ਹੀ ਸਮਾਇਆ ਹੋਇਆ ਹੈ ਤਾਂ ਅਸੀਂ ਉੱਚੀ-ਉੱਚੀ ਕੂਕ ਕਿਸ ਨੂੰ ਸੁਣਾਉਂਦੇ ਹਾਂ। ਜਗਿਆਸੂ ਨੂੰ ਉਸ ਦੇ ਨਾਮ ਦੀ ਸਮਝ ਆਉਣ ਉਪਰੰਤ ਇਸ ਦੁਨੀਆਂ ਤੋਂ ਪਾਰ ਦੀਆਂ ਧੁਨੀਆਂ ਸੁਣਾਈ ਦਿੰਦੀਆਂ ਹਨ ਤੇ ਮਿੱਠੀ ਆਵਾਜ਼ ਆਨੰਦਿਤ ਕਰਦੀ ਹੈ। ਗੁਰ ਸ਼ਬਦ ਰਾਹੀਂ ਇਹਨਾਂ ਅਨਹਦ ਨਾਦਾਂ ਨੂੰ ਸੁਣਿਆ ਜਾ ਸਕਦਾ ਹੈ।ਗੁਰੂ ਸਾਹਿਬ ਜੀ ਅੱਗੇ ਸਮਝਾਉਂਦੇ ਹਨ ਕਿ ਉੱਚੀ-ਉੱਚੀ ਧਾਰਮਿਕ ਸਥਾਨਾਂ ਤੇ ਸਪੀਕਰਾਂ ਰਾਹੀਂ ਇੱਕ ਦੂਜੇ ਤੋਂ ਉੱਚੀ ਆਵਾਜ਼ ਵਿੱਚ ਆਪਣੀ ਹਉਮੈ ਭਾਵ ਦਿਖਾਉਣ ਦੀ ਜ਼ਰੂਰਤ ਨਹੀਂ। ਅਸਲ ਢੂੰਡਾਊ ਤਾਂ ਉਸ ਦੀ ਰਹੱਸਮਈ ਤੇ ਰਸਭਿੰਨੀ ਬਾਣੀ ਸੁਣ ਕੇ ਰੁਮਾਂਚਿਤ ਹੁੰਦੇ ਹਨ-

**ਅਨਹਦ ਸਬਦਿ ਸੁਹਾਵਣੇ ਪਾਈਐ ਗੁਰ ਵੀਚਾਰਿ॥**
**ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸੁ॥**

(ਮ:੧, ਅੰਗ ੨੧)

ਅਨਹਦ ਝੁਨਕਾਰ ਨੂੰ ਮਹਿਸੂਸ ਕਰਨ ਵਾਲਾ ਰੌਲੇ ਤੇ ਉੱਚੀ ਕੂਕਣ ਨੂੰ ਪਸੰਦ ਨਹੀਂ ਕਰਦਾ, ਸ਼ਾਂਤੀ ਬਹੁਤ ਜ਼ਰੂਰੀ ਹੈ। ਕੁਦਰਤ ਦੀ ਗੋਦ ਦਾ ਆਨੰਦ ਮਾਣਨਾ ਸ਼ਾਂਤ-ਚਿੱਤ ਉਸ ਦੇ ਰਾਗ-ਆਤਮਿਕ ਆਲੇ ਦੁਆਲੇ ਨੂੰ ਸੁਣਨ ਤੇ ਮਹਿਸੂਸ ਕਰਨ ਨਾਲ ਮਨੁੱਖ ਨਿਰਭਉ ਹੋ ਜਾਂਦਾ ਹੈ। ਉਸ ਦੇ ਅੰਦਰੋਂ ਫੋਕਟ ਰੀਤੀ-ਰਿਵਾਜਾਂ ਤੇ ਧਾਰਮਿਕ ਕਰਮ-ਕਾਂਡਾਂ ਦਾ ਡਰ ਵੀ ਖ਼ਤਮ ਹੋ ਜਾਂਦਾ ਹੈ। ਉਸ ਅੰਦਰ ਸਿਫ਼ਤ-ਸਲਾਹ ਦਾ ਅਵਾਜ਼ਾ ਵੱਜਦਾ ਮਹਿਸੂਸ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਇਸ ਪ੍ਰਕਾਰ ਹੈ-

**ਅਨਹਦੁ ਵਾਜੈ ਭ੍ਰਮੁ ਭਉ ਭਾਜੈ॥** (ਮ:੧, ਅੰਗ ੧੦੩੪)



# ਸੂਰਜ, ਚੰਦ, ਤਾਰੇ (ਪੁਲਾੜ)

ਰਾਤ ਨੂੰ ਕੋਠੇ ਦੀ ਛੱਤ ਉੱਪਰ ਸੌਂ ਗਗਨ ਮੰਡਲ ਵੱਲ ਦੇਖਣਾ, ਚੰਦਾ ਮਾਮੇ ਦੀਆਂ ਬਾਤਾਂ, ਤਾਰੇ ਦਾ ਟੁੱਟਣਾ ਆਦਿ ਛੋਟੀਆਂ-ਛੋਟੀਆਂ ਘਟਨਾਵਾਂ ਸਨ ਜੋ ਸਾਨੂੰ ਰੁਮਾਂਚਿਤ ਕਰਦੀਆਂ ਸਨ। ਸਰਵਣ ਦੀ ਵਹਿੰਗੀ ਲੱਭਣਾ, ਤਾਰਿਆਂ ਨੂੰ ਗਿਣਨ ਦੀ ਅਸੰਭਵ ਕੋਸ਼ਿਸ਼ ਕਰਨਾ, ਕਰਤੇ ਦੀ ਰਚਨਾ ਨਾਲ ਜੁੜਨ ਦਾ ਵਸੀਲਾ ਸੀ। ਇਹ ਸਭ ਚੀਜ਼ਾਂ ਮਾਨਸਿਕ ਸਕੂਨ ਦੇਣ ਵਾਲੀਆਂ ਸਨ। ਪੁਰਾਣੇ ਬਜ਼ੁਰਗ ਬਾਹਰ ਸੌਣ ਨੂੰ ਤਰਜੀਹ ਦਿੰਦੇ ਸਨ। ਕਾਦਰ ਦੀ ਵਿਛਾਈ ਅਸਮਾਨ ਰੂਪੀ ਚਾਦਰ ਥੱਲੇ ਸੌਣ ਨੂੰ ਰੱਬ ਦੇ ਨੇੜੇ ਹੋਣਾ ਮੰਨਦੇ ਸਨ। ਉਸ ਦੀ ਕੁਦਰਤ ਨਾਲ ਗੱਲਾਂ, ਤਾਰਿਆਂ ਨਾਲ ਬਾਤਾਂ, ਸੂਰਜ ਦੀ ਲਾਲੀ ਅਤੇ ਡੁੱਬਦੇ ਸੂਰਜ ਦੀਆਂ ਕਿਰਨਾਂ ਥਕਾਨ ਖ਼ਤਮ ਕਰਦੀਆਂ ਹਨ। ਅਸੀਂ ਵਿਗਿਆਨ ਦੀ ਤਰੱਕੀ ਨੂੰ ਦੇਖ ਖੁਸ਼ ਹੁੰਦੇ ਹਾਂ ਕਿ ਬਹੁਤ ਹੱਦ ਤਕ ਇਸਨੇ ਸਾਡੀ ਜ਼ਿੰਦਗੀ ਨੂੰ ਸੌਖਿਆਂ ਬਣਾ ਦਿੱਤਾ ਹੈ। ਸਾਇੰਸ ਦੀਆਂ ਹੈਰਾਨਕੁੰਨ ਕਾਢਾਂ ਨੇ ਕਿਸੇ ਹੱਦ ਤਕ ਸਾਡਾ ਜੀਵਨ ਸੁਖੈਨ ਕਰ ਦਿੱਤਾ ਹੈ। ਚਾਹੇ ਸਾਇੰਸ ਦੀ ਤਰੱਕੀ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਹੈ। ਪੁਲਾੜ ਦੀ ਆਵਾਜਾਈ ਤੇ ਹੋਰਨਾਂ ਗ੍ਰਹਿਆਂ ਦੀ ਖੋਜ ਕਰਦਿਆਂ ਅਸੀਂ ਵਾਯੂਮੰਡਲ ਦਾ ਨੁਕਸਾਨ ਵੀ ਕਰ ਲਿਆ ਹੈ। ਵੱਖ-ਵੱਖ ਵਿਕਸਿਤ ਦੇਸ਼ਾਂ ਵਿੱਚ ਅਰਬਾਂ ਰੁਪਏ ਦੇ ਸਿਰਫ਼ ਆਪਣੇ ਰਾਕੇਟ ਛੱਡੇ ਜਾ ਰਹੇ ਹਨ।ਅੱਜ ਅਸੀਂ ਪੁਲਾੜ ਵਿੱਚ ਛੱਡੇ ਵਾਹਨਾਂ ਨਾਲ ਪੁਲਾੜ ਨੂੰ ਬਹੁਤ ਹੱਦ ਤਕ ਨੁਕਸਾਨ ਪਹੁੰਚਾਇਆ ਹੈ। ਪੁਲਾੜਾਂ ਦੀ ਯਾਤਰਾ ਹਵਾਈ ਪਰਤਾਂ ਨੂੰ ਤਬਾਹ ਕਰ ਰਹੀ ਹੈ, ਜਿਸ ਨਾਲ ਓਜ਼ੋਨ ਪਰਤ ਵੀ ਨੁਕਸਾਨੀ ਗਈ ਹੈ। ਪੁਲਾੜ ਵੱਲ ਛੱਡੇ ਜਾਂਦੇ ਰਾਕੇਟਾਂ ਵਿੱਚ ਵਰਤੇ ਜਾਂਦੇ ਈਂਧਨ (ਤੇਲ) ਵੀ ਨੁਕਸਾਨਦਾਇਕ ਰਸਾਇਣਾਂ ਨਾਲ ਪ੍ਰਦੂਸ਼ਣ ਫੈਲਾ ਰਹੇ ਹਨ। ਇਸ ਦੇ ਭਿਆਨਕ ਸਿੱਟੇ ਆਉਣ ਦੇ ਆਸਾਰ ਪੁਲਾੜ ਵਿਗਿਆਨੀਆਂ ਵੱਲੋਂ ਸੰਭਾਵਿਤ ਦੱਸੇ ਜਾ ਰਹੇ ਹਨ।

ਗੁਰੂ ਨਾਨਕ ਦੇਵ ਜੀ ਨੇ ਉਸ ਦੀ ਰਚਨਾ ਨੂੰ ਪਿਆਰ ਕਰਨ ਤੇ ਮਾਣਨ ਦੀ ਹਿਦਾਇਤ ਕੀਤੀ ਹੈ। ਇਸ ਨਾਲ ਛੇੜ-ਛਾੜ ਤੋਂ ਖ਼ਬਰਦਾਰ ਕੀਤਾ ਹੈ। ਗੁਰੂ ਸਾਹਿਬ ਜੀ ਵੱਲੋਂ ਗਗਨ-ਮੰਡਲ ਦੀਆਂ ਉਡਾਰੀਆਂ ਦਾ ਚਿਤਰਨ ਬਹੁਤ ਖ਼ੂਬਸੂਰਤ ਕੀਤਾ ਗਿਆ ਹੈ। ਇਹ ਸੂਰਜ, ਚੰਦ, ਤਾਰੇ ਕਈ ਵਰ੍ਹਿਆਂ ਤੋਂ ਇੰਞ ਹੀ ਸਾਨੂੰ ਆਪਣੀ ਰੋਸ਼ਨੀ, ਚਮਕ, ਤਪਸ਼, ਊਰਜਾ ਇਕਸਾਰ ਪ੍ਰਦਾਨ ਕਰ ਰਹੇ ਹਨ। ਪਰ ਅੱਜ ਅਸੀਂ ਆਪਣੀ ਖ਼ੁਦਗ਼ਰਜ਼ੀ

’ਤੇ ਉੱਤਰ ਆਏ ਹਾਂ। ਅਸੀਂ ਇਸ ਨਾਲ ਖਿਲਵਾੜ ਤੇ ਛੇੜ-ਛਾੜ ਸ਼ੁਰੂ ਕਰ ਦਿੱਤੀ ਹੈ। ਉਸ ਕਰਤੇ ਦੀਆਂ ਬਣਾਈਆਂ ਇਹਨਾਂ ਅਜ਼ੀਮ ਤੇ ਅਨਮੋਲ ਬਖ਼ਸ਼ਿਸ਼ਾਂ ਨੂੰ ਵਿਗਾੜਨ ਤੇ ਖ਼ਤਮ ਕਰਨ ’ਤੇ ਤੁਲੇ ਹੋਏ ਹਾਂ। ਇਹ ਸੂਰਜ, ਚੰਦ, ਤਾਰੇ, ਗ੍ਰਹਿ ਉਹੀ ਨੇ ਜੋ ਕਈ ਯੁੱਗਾਂ ਤੋਂ ਇੰਝ ਹੀ ਚੜ੍ਹਦੇ-ਢਲਦੇ ਤੇ ਆਪਣੀ ਚਾਲੇ ਚਲਦੇ ਰਹਿੰਦੇ ਹਨ। ਇਹ ਕਲਯੁੱਗ ਦਾ ਪ੍ਰਭਾਵ ਹੈ ਕਿ ਅਸੀਂ ਕਰਤੇ ਦੀ ਰਚਨਾ ਨੂੰ ਭੁੱਲਦੇ ਹਾਂ ਤੇ ਆਪਣੀ ਮੱਤ ਅਨੁਸਾਰ ਤੋੜਨ-ਮਰੋੜਨ ’ਤੇ ਉੱਤਰ ਆਉਂਦੇ ਹਾਂ।ਇਹੀ ਧਰਤੀ ਤੇ ਇਹੀ ਹਵਾ ਕਈ ਯੁੱਗਾਂ ਤੋਂ ਝੁਲਦੀ ਆ ਰਹੀ ਹੈ-

**ਸੋਈ ਚੰਦੁ ਚੜਹਿ ਸੇ ਤਾਰੇ ਸੋਈ ਦਿਨੀਅਰੁ ਤਪਤ ਰਹੈ॥**
**ਸਾ ਧਰਤੀ ਸੋ ਪਉਣੁ ਝੁਲਾਰੇ ਜੁਗ ਜੀਅ ਖੇਲੇ ਥਾਵ ਕੈਸੇ॥**

(ਮ:੧, ਅੰਗ ੯੦੨)

ਇਸ ਤੋਂ ਅੱਗੇ ਗੁਰੂ ਨਾਨਕ ਦੇਵ ਜੀ ਸਪੱਸ਼ਟ ਕਰਦੇ ਹਨ ਕਿ ਅਸੀਂ ਉਸ ਦੀਆਂ ਕਿਰਤਾਂ ਨਾਲ ਛੇੜ-ਛਾੜ ਕੀਤੀ ਹੈ। ਇਹ ਸਾਡੀ ਖ਼ੁਦਗ਼ਰਜ਼ੀ ਹੈ। ਸਾਨੂੰ ਇਸ ਤਰ੍ਹਾਂ ਦੀ ਖ਼ੁਦਗ਼ਰਜ਼ੀ ਕਰਕੇ ਵਾਯੂ-ਮੰਡਲ ਨਾਲ ਛੇੜ-ਛਾੜ ਕਰਦਿਆਂ ਖ਼ੁਦਾਈ ਦੇ ਨਿਯਮਾਂ ਨਾਲ ਮੱਥਾ ਨਹੀਂ ਲਾਉਣਾ ਚਾਹੀਦਾ।ਅਸੀਂ ਤਰੱਕੀ ਦੇ ਨਾਮ ਹੇਠ ਕੁਦਰਤ ਨਾਲ ਮੱਥਾ ਲਾ ਲਿਆ ਹੈ; ਪ੍ਰੰਤੂ ਗੁਰੂ ਨਾਨਕ ਦੇਵ ਜੀ ਸਾਨੂੰ ਤਾਕੀਦ ਕਰਦੇ ਹਨ ਕਿ ਅਜਿਹੀ ਖ਼ੁਦਗ਼ਰਜ਼ੀ ਹੀ ਕਲਯੁੱਗ ਹੈ, ਸਾਨੂੰ ਇਸ ਨੂੰ ਛੱਡ ਦੇਣਾ ਚਾਹੀਦਾ ਹੈ-

**ਜੀਵਨ ਤਲਬ ਨਿਵਾਰਿ॥** (ਮ: ੧, ਅੰਗ ੯੦੨)

**ਸਾਇੰਸ ਦੀਆਂ ਖੋਜਾਂ ਲਗਾਤਾਰ ਹੋ ਰਹੀਆਂ ਹਨ, ਜਿੱਥੇ ਵਿਗਿਆਨੀਆਂ ਨੇ ਮੱਥੇ ਟੱਕਰਾਂ ਮਾਰੀਆਂ ਹਨ; ਪਰ ਉਸ ਦੀ ਕੁਦਰਤ ਦਾ ਥਹੁ ਨਹੀਂ ਪਾ ਸਕੇ। ਗੁਰੂ ਸਾਹਿਬ ਵੱਲੋਂ ਸ੍ਰਿਸ਼ਟੀ ਦੀ ਵਿਸ਼ਾਲਤਾ ਦਾ ਜ਼ਿਕਰ ਜਪੁ ਜੀ ਸਾਹਿਬ ਅੰਦਰ ਕੀਤਾ ਗਿਆ ਹੈ। ਲੱਖਾਂ ਆਕਾਸ਼, ਪਾਤਾਲ ਹਨ, ਪਾਤਾਲਾਂ ਦੇ ਹੇਠ ਹੋਰ ਲੱਖਾਂ ਪਾਤਾਲ ਹਨ ਅਤੇ ਆਕਾਸ਼ਾਂ ਦੇ ਉੱਤੇ ਹੋਰ ਲੱਖਾਂ ਆਕਾਸ਼ ਹਨ। ਇਹਨਾਂ ਦੇ ਅਖੀਰ ਬੰਨਿਆਂ ਦੀ ਭਾਲ ਕਰਕੇ ਸਾਇੰਸਦਾਨ ਥੱਕ ਗਏ ਹਨ ਪਰ ਲੱਭ ਨਹੀਂ ਸਕੇ।** ਕੁੱਲ ਅਠਾਰਾਂ ਹਜ਼ਾਰ ਆਲਮ ਹਨ। ਹਜ਼ਾਰਾਂ ਤੇ ਲੱਖਾਂ ਵਿੱਚ ਕੁਦਰਤ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਇਹਨਾਂ ਨੂੰ ਲੱਭਣਾ, ਖੋਜਣਾ, ਭਾਲਣਾ ਜਾਂ ਲੇਖਾ ਤਾਂ ਹੀ ਹੋ ਸਕਦਾ ਹੈ ਜੇ ਲੇਖਾ ਹੋ ਸਕੇ। ਗੁਰੂ ਨਾਨਕ ਦੇਵ ਜੀ ਅਨੁਸਾਰ ਲੇਖਾ ਕਰਦਿਆਂ ਲੇਖੇ



ਹੀ ਖ਼ਤਮ ਹੋ ਜਾਂਦੇ ਹਨ-

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥**
**ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ॥**
**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥**
**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ॥**

(ਮ:੧, ਅੰਗ ੫)

ਇਸ ਬ੍ਰਹਿਮੰਡ ਦਾ ਅੰਤ ਪਾਉਣ ਲਈ ਬੜੇ ਯਤਨ ਕੀਤੇ ਗਏ ਪਰ ਕੋਈ ਕਾਮਯਾਬੀ ਹਾਸਲ ਨਹੀਂ ਕਰ ਸਕਿਆ।ਇਹ ਜਗਤ ਜੋ ਦਿਖ ਰਿਹਾ ਹੈ ਇਸ ਦਾ ਕੋਈ ਅਖੀਰ ਨਹੀਂ। ਇਸ ਦਾ ਆਰ-ਪਾਰ ਬੰਨਾ ਕੋਈ ਨਹੀਂ।ਕਈ ਇਸ ਦਾ ਅੰਤ ਪਾਉਣ ਲਈ ਵਿਲਕਦੇ, ਬਿਲਲਾਉਂਦੇ ਰਹੇ ਪਰ ਉਸ ਦੇ ਹੱਦ ਬੰਨੇ ਨਹੀਂ ਲਭ ਸਕੇ। ਕੋਈ ਮਨੁੱਖ ਇਸ ਦਾ ਅੰਤ ਨਹੀਂ ਪਾ ਸਕਦਾ। ਜਿੰਨਾ ਅਸੀਂ ਇਸ ਬ੍ਰਹਿਮੰਡ ਨੂੰ ਭਾਲਦੇ ਹਾਂ ਇਹ ਤਿਉਂ-ਤਿਉਂ ਵੱਡਾ ਤੇ ਹੋਰ ਵੱਡਾ ਪ੍ਰਤੀਤ ਹੋਣ ਲੱਗ ਪੈਂਦਾ ਹੈ। ਆਪ ਜੀ ਨੇ ਜਪੁ ਜੀ ਸਾਹਿਬ ਅੰਦਰ ਫ਼ਰਮਾਇਆ ਹੈ-

**ਅੰਤੁ ਨ ਜਾਪੈ ਕੀਤਾ ਆਕਾਰੁ॥ ਅੰਤੁ ਨ ਜਾਪੈ ਪਾਰਾਵਾਰੁ॥**
**ਅੰਤੁ ਕਾਰਣਿ ਕੇਤੇ ਬਿਲਲਾਹਿ॥ ਤਾ ਕੇ ਅੰਤ ਨ ਪਾਏ ਜਾਹਿ॥**
**ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ॥**

(ਮ:੧, ਅੰਗ ੫)

*‘ਏਵਡੁ ਊਚਾ ਹੋਵੈ ਕੋਇ॥’* ਦੇ ਮਹਾਂਵਾਕ ਅਨੁਸਾਰ ਇਸ ਸ੍ਰਿਸ਼ਟੀ ਨੂੰ ਉਹੀ ਜਾਣ ਸਕਦਾ ਹੈ ਜੋ ਇੰਨੇ ਵੱਡੇ ਕੱਦ ਅਤੇ ਸਮਝ ਵਾਲਾ ਹੋਵੇ। ਕਰਤੇ ਦੇ ਪੈਦਾ ਕੀਤੇ ਹੋਏ ਅਸੀਂ ਸਾਰੇ ਉਸ ਦੇ ਸਾਹਮਣੇ ਤੁੱਛ ਹਾਂ। ਸਾਡੀ ਬੁੱਧੀ ਤੁੱਛ ਹੈ।ਜਦੋਂ ਅਸੀਂ ਇਸ ਸ੍ਰਿਸ਼ਟੀ ਦਾ ਅੰਤ ਪਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਇਸ ਦੇ ਸਹਿਜ ਸਰੂਪ ਨੂੰ ਵਿਗਾੜਦੇ, ਭੰਨਦੇ, ਤੋੜਦੇ ਹਾਂ; ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦੇ ਸੁੰਦਰ ਸਰੂਪ ਨੂੰ ਆਪਣੀ ਬਾਣੀ ਅੰਦਰ ਦ੍ਰਿਸ਼ਟਮਾਨ ਕੀਤਾ ਹੈ। ਸਾਨੂੰ ਦੱਸਿਆ ਗਿਆ ਹੈ ਕਿ ਵਾਯੂਮੰਡਲ, ਖੰਡ-ਬ੍ਰਹਿਮੰਡ ਕਿੰਨੇ ਪਿਆਰੇ ਹਨ। ਇਹਨਾਂ ਦੀਆਂ ਕੁਦਰਤੀ ਗਤੀਵਿਧੀਆਂ ਨੂੰ ਮਾਣਨਾ ਚਾਹੀਦਾ ਹੈ। ਸਾਰੀ ਸ੍ਰਿਸ਼ਟੀ ਕਰਤੇ ਦੀ ਵਾਹ-ਵਾਹ ਕਰਦੀ ਹੋਈ ਆਰਤੀ ਕਰ ਰਹੀ ਹੈ। ਜਦੋਂ ਬੋਦੀ ਵਾਲਾ ਤਾਰਾ ਚੜ੍ਹਦਾ ਹੈ ਤਾਂ ਲੋਕ ਇਸ ਨੂੰ ਦੇਖਣ ਦੀ ਬੜੀ ਤਾਂਘ ਰੱਖਦੇ ਹਨ। ਇਹ ਸੂਰਜ ਦੇ ਚਾਨਣ ਵਿੱਚ ਦਿੱਸਦਾ ਨਹੀਂ। ਲੋਕ ਹਨੇਰਾ ਪੈਂਦੇ ਹੀ ਇਸ ਵੱਲ ਦੇਖਣਾ ਸ਼ੁਰੂ ਕਰ ਦਿੰਦੇ ਹਨ। ਗੁਰੂ ਸਾਹਿਬ ਜੀ ਸਪਸ਼ਟ ਕਰਦੇ ਹਨ ਕਿ ਇਹਨਾਂ ਅਨਮੋਲ ਦਾਤਾਂ ਰਾਹੀਂ ਉਸ ਦੇ

ਪ੍ਰਕਾਸ਼ ਨੂੰ ਸਮਝਿਆ ਜਾ ਸਕਦਾ ਹੈ।ਇਹ ਸਭ ਸ੍ਰਿਸ਼ਟੀ ਦੀਆਂ ਵਿਸਮਾਦੀ ਗਤੀਵਿਧੀਆਂ ਅਕਾਲ ਪੁਰਖ ਨਾਲ ਮਿਲ ਜਾਣ ਦਾ ਵਸੀਲਾ ਹੋ ਨਿਬੜਦੀਆਂ ਹਨ-

**ਤਾਰਾ ਚੜਿਆ ਲੰਮਾ ਕਿਉ ਨਦਰਿ ਨਿਹਾਲਿਆ ਰਾਮ॥**
**ਸੇਵਕ ਪੂਰ ਕਰੰਮਾ ਸਤਿਗੁਰਿ ਸਬਦਿ ਦਿਖਾਲਿਆ ਰਾਮ॥**

(ਮ:੧, ਅੰਗ ੧੧੧੦)

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਅੰਦਰ ਗਗਨ ਮੰਡਲ ਦੇ ਸਰੂਪ ਨੂੰ ਬਹੁਤ ਹੀ ਵਧਿਆ ਤਰੀਕੇ ਨਾਲ ਉਲੇਖ ਕੀਤਾ ਹੈ। ਆਪ ਜੀ ਨੇ ਚੰਦ, ਸੂਰਜ, ਤਾਰਿਆਂ ਨੂੰ ਸ੍ਰਿਸ਼ਟੀ ਦਾ ਅੰਗ ਹੋ ਕੇ ਮਨੁੱਖਤਾ ਦੀ ਸੇਵਾ ਕਰਦੇ ਦਿਖਾਇਆ ਹੈ ਤੇ ਇਹਨਾਂ ਪ੍ਰਤੀ ਸੁਹਿਰਦਤਾ ਵਾਲਾ ਰਵੱਈਆ ਰੱਖਣਾ ਸਾਡਾ ਫ਼ਰਜ਼ ਹੈ। ਇਹਨਾਂ ਸੂਰਜ, ਚੰਦਰਮਾ ਨੂੰ ਗੁਰੂ ਦੇ ਗਿਆਨ ਅਤੇ ਸ਼ਾਂਤੀ ਦੇ ਦੀਵੇ ਦੱਸ ਕੇ ਇਹਨਾਂ ਦੀ ਮਹਾਨਤਾ ਨੂੰ ਇੰਝ ਦਰਸਾਇਆ ਹੈ-

**ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨਿ ਸਾਚਾ ਮੁਖਿ ਧਿਆਵਏ॥**

(ਮ:੧, ਅੰਗ ੧੧੧੦)

**ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ॥**

(ਮ:੧, ਅੰਗ ੧੦੩੩)

ਸਾਇੰਸ ਦੀਆਂ ਨਵੀਆਂ ਖੋਜਾਂ ਮੁਬਾਰਕ ਹਨ; ਪਰ ਇਹਨਾਂ ਦੌਰਾਨ ਜੋ ਕੁਦਰਤ ਦੇ ਸਰੂਪ ਨੂੰ ਨੁਕਸਾਨ ਪੁੱਜ ਰਿਹਾ ਹੈ ਇਸ ਨੂੰ ਸੁਧਾਰਨਾ ਤੇ ਪੂਰਾ ਕਰਨਾ ਮਨੁੱਖ ਦੇ ਵੱਸ ਨਹੀਂ। ਚੰਦ, ਸੂਰਜ, ਤਾਰੇ ਵੀ ਨਿਰੋਲ ਪ੍ਰਮਾਤਮਾ ਦੇ ਬਣਾਏ ਹੋਏ ਹਨ ਤੇ ਇਹਨਾਂ ਦੀ ਜੋਤ ਤਿੰਨਾਂ ਭਵਨਾਂ ਵਿੱਚ ਪਸਰ ਰਹੀ ਹੈ-

**ਸੁੰਨਹੁ ਚੰਦੁ ਸੂਰਜੁ ਗੈਣਾਰੇ॥ਤਿਸ ਕੀ ਜੋਤਿ ਤ੍ਰਿਭਵਣ ਸਾਰੇ॥**

(ਮ:੧, ਅੰਗ ੧੦੩੭)

ਅਸੀਂ ਉਸ ਦੀ ਕੁਦਰਤ ਨੂੰ ਮੂਰਖਤਾ ਵੱਸ ਸਮਝਦੇ ਨਹੀਂ ਤੇ ਟੱਕਰਾਂ ਮਾਰਦੇ ਹੋਏ ਨਵੀਆਂ ਖੋਜਾਂ ਕਰਦੇ ਕੁਦਰਤ ਦੇ ਅਸਲੀ ਸਰੂਪ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਾਂ, ਪ੍ਰੰਤੂ ਇਹ ਕਦੇ ਵੀ ਸਾਡੇ ਸਦੀਵੀ ਸੁੱਖਾਂ ਦਾ ਹੱਲ ਨਹੀਂ ਬਣ ਸਕਦੀਆਂ-

**ਨਾਨਕ ਮੂਰਖੁ ਅਜਹੁ ਨ ਚੇਤੈ ਕਿਵ ਦੂਜੈ ਸੁਖੁ ਪਾਵਏ॥**

(ਮ:੧, ਅੰਗ ੧੧੧੦)



## ਨਿਸ਼ਕਰਸ਼

ਸਾਡੀ ਕੁਦਰਤ ਨਾਲ ਅਪਣੱਤ ਵਾਲੀ ਸਾਂਝ ਖ਼ਤਮ ਹੋ ਰਹੀ ਹੈ, ਪਰ ਅਸੀਂ ਇਸ ਸਭ ਤੋਂ ਕੋਹਾਂ ਦੂਰ ਹੋ ਕੇ ਦੁੱਖ ਹੀ ਸਹੇੜੇ ਹਨ। ਅੱਜ ਅਸੀਂ ਚੰਦਾ ਮਾਮੇ ਨਾਲ ਬਾਤਾਂ ਪਾਉਣੀਆਂ ਭੁੱਲ ਗਏ ਹਾਂ। ਅੰਬਰੀਂ ਉਡਾਰੀ ਲਗਾਉਣ ਦੀ ਤਮੰਨਾ, ਉੱਡਦੇ ਪੰਛੀਆਂ ਨੂੰ ਤੱਕਣਾ, ਸੂਰਜੀ ਰੋਸ਼ਨੀ ਨਾਲ ਬਣੇ ਪ੍ਰਛਾਵੇਂ ਨੂੰ ਫੜਨਾ, ਸਾਡੀਆਂ ਬਚਪਨ ਦੀਆਂ ਖੇਡਾਂ ਵਿੱਚੋਂ ਵਿਸਰਦੇ ਜਾ ਰਹੇ ਹਨ। ਸੂਰਜ, ਚੰਦਰਮਾ ਨਾਲ ਦੌੜਨਾ ਤੇ ਇਹਨਾਂ ਨੂੰ ਆਪਣੇ ਨਾਲ ਦੌੜਦੇ ਮਹਿਸੂਸ ਕਰਨਾ, ਬੱਦਲਾਂ ਨੂੰ ਕਲਾਵੇ ਭਰਨੇ, ਮੀਂਹਾਂ ਵਿੱਚ ਨਹਾਉਣਾ, ਰੁਮਕਦੀਆਂ ਹਵਾਵਾਂ ਵਿੱਚ ਬੁਲਬੁਲੀਆਂ-ਕਿਲਕਲੀਆਂ (ਚੀਕਾਂ) ਮਾਰਨੀਆਂ ਆਦਿ ਮਨ ਪਰਚਾਉਂਦੇ ਸਨ। ਭੌਂ-ਬਿੱਲੀਆਂ (ਹਵਾ ਵਿੱਚ ਬਾਹਾਂ ਖਿਲਾਰ ਕੇ ਘੁੰਮਣਾ), ਤਿੱਤਲੀਆਂ ਨੂੰ ਫੜਨਾ, ਮਿੱਟੀ, ਰੇਤ, ਪਾਣੀ ਨਾਲ ਖੇਡਣਾ ਸਕੂਨ ਦਿੰਦਾ ਸੀ। ਪਰ ਅੱਜ ਦੀ ਅਖੌਤੀ ਤਰੱਕੀ ਨੇ ਸਾਡੇ ਤੋਂ ਇਹ ਸਭ ਕੁਝ ਖੋਹ ਲਿਆ ਹੈ। ਸਾਡੇ ਬੱਚੇ ਗਲੀਆਂ ਦੇ ਦੜੰਗੇ ਲਾਣਾ ਭੁੱਲ ਗਏ ਹਨ। ਘਰ-ਅੰਦਰੀਂ ਖੇਡਾਂ (Indoor Games) ਨੇ ਸਾਨੂੰ ਤੇ ਸਾਡੇ ਬੱਚਿਆਂ ਨੂੰ ਆਪਣੇ ਨਾਲ ਬੰਨ੍ਹ ਲਿਆ ਹੈ; ਜਿਵੇਂ ਕਿ ਟੈਲੀਵੀਜ਼ਨ, ਕੰਪਿਊਟਰ, ਮੋਬਾਇਲ, ਟੈਬ, ਲੈਪਟੋਪ ਆਦਿ ਬਿਜਲਈ ਯੰਤਰਾਂ ਨੇ ਸਾਡੇ ਬਚਪਨ ਨੂੰ ਆਪਣੇ ਜਬਾੜੇ ਵਿੱਚ ਫਸਾ ਕੇ ਲਾਚਾਰ ਕਰ ਦਿੱਤਾ ਹੈ। ਅਸੀਂ ਸਰੀਰਿਕ ਤੇ ਮਾਨਸਿਕ ਬੀਮਾਰੀਆਂ ਨਾਲ ਦੋ-ਚਾਰ ਹੋ ਰਹੇ ਹਾਂ। ਵਾਤਾਵਰਨ ਵਿੱਚ ਵੱਡੇ ਪੱਧਰ ’ਤੇ ਆਈਆਂ ਤਬਦੀਲੀਆਂ ਕਾਰਨ ਸਾਡੀ ਹੋਂਦ ਨੂੰ ਵੀ ਖ਼ਤਰਾ ਭਾਸਦਾ ਹੈ।ਅਸੀਂ ਕੁਦਰਤ ਦੀ ਤਬਾਹੀ ਕਰ ਰਹੇ ਹਾਂ। ਸਾਨੂੰ ਕੁਦਰਤ ਨੇ ਅਨਮੋਲ ਖ਼ਜ਼ਾਨੇ ਦਿੱਤੇ ਹਨ। ਪਾਣੀ, ਹਵਾ, ਚੰਦ, ਸੂਰਜ ਰੂਪ ਵਿੱਚ ਪ੍ਰਕਾਸ਼ (ਗਿਆਨ) ਵਾਲੇ ਦੀਵੇ ਤੇ ਜੀਵਨ ਨੂੰ ਚਲਦਾ ਰੱਖਣ ਲਈ ਸਾਧਨ ਦਿੱਤੇ ਹਨ। ਇਹ ਸਭ ਕੁਝ ਧਰਤੀ ਕਰਕੇ ਹੀ ਸੰਭਵ ਹੈ। ਭਾਵੇਂ ਕਿ ਧਰਤੀ ਵਰਗੇ ਹੋਰ ਵੀ ਗ੍ਰਹਿ ਹਨ ਜਿਨ੍ਹਾਂ ’ਤੇ ਮਨੁੱਖ ਨੇ ਆਪਣੀ ਪਹੁੰਚ ਬਣਾ ਲਈ ਹੈ। ਪ੍ਰੰਤੂ ਉੱਥੇ ਜੀਵਨ ਤਾਂ ਹੀ ਸੰਭਵ ਹੈ ਜੇਕਰ ਧਰਤੀ ਵਾਂਗ ਪਾਣੀ, ਹਵਾ ਮੌਜੂਦ ਹੋਣਗੇ। ਸਾਨੂੰ ਉਹ ਸਾਰੇ ਗੁਣ ਧਰਤੀ ਉੱਪਰ ਮਿਲੇ ਹਨ, ਜਿਨ੍ਹਾਂ ਕਰਕੇ ਸਾਡਾ ਜੀਵਨ ਸੰਭਵ ਹੈ। ਸਾਨੂੰ ਇਹਨਾਂ ਗੁਣਾਂ ਨੂੰ ਸੰਭਾਲਣਾ ਚਾਹੀਦਾ ਹੈ। ਕਰਤੇ ਦੇ ਉਪਕਾਰ ਨੂੰ ਨਤਮਸਤਕ ਤੇ ਬਲਿਹਾਰ ਹੁੰਦੇ ਹੋਏ ਉਸ ਦੇ ਬਖ਼ਸ਼ੇ ਇਨ੍ਹਾਂ ਵੱਡਮੁੱਲੇ ਸਰੋਤਾਂ ਦੀ ਸੰਭਾਲ ਕਰਨੀ ਚਾਹੀਦੀ ਹੈ। ਜੋ ਸਾਡੇ ਜੀਵਨ ਦਾ ਆਧਾਰ ਹਨ। ਗੁਰੂ ਨਾਨਕ ਦੇਵ

ਜੀ ਅਨੁਸਾਰ ਜਿਊਣ ਲਈ ਹਵਾ, ਪਾਣੀ ਅਤੇ ਰਹਿਣ ਲਈ ਧਰਤੀ ਵੱਡੀਆਂ ਬਖ਼ਸ਼ਿਸ਼ਾਂ ਹਨ-

**ਪਾਣੀ ਪ੍ਰਾਣ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ॥**
**ਮਰਣ ਜੀਵਣ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ॥**

(ਮ:੧, ਅੰਗ ੮੭੭)

ਧਾਰਮਿਕ ਤੇ ਸਮਾਜਿਕ ਚੇਤਨਾ ਹੋਣ ਨਾਲ ਹੀ ਨੈਤਿਕਤਾ ਮਜ਼ਬੂਤ ਹੋਵੇਗੀ, ਧਾਰਮਿਕ ਤੇ ਅਧਿਆਤਮਿਕ ਮਜ਼ਬੂਤੀ ਹੀ ਵੱਡੇ ਪੱਧਰ ’ਤੇ ਵਾਤਾਵਰਨ ਦੀ ਸਾਂਭ-ਸੰਭਾਲ ਸੰਭਵ ਬਣਾ ਸਕਦੀ ਹੈ। ਸਾਡਾ ਆਮ ਸਮਾਜਿਕ ਜੀਵਨ ਕੁਦਰਤੀ ਹੋਵੇਗਾ ਤਾਂ ਹੀ ਅਸੀਂ ਦਿਖਾਵੇ ਵਾਲੀ ਜ਼ਿੰਦਗੀ ਤੋਂ ਨਿਜਾਤ ਪਾ ਨੈਤਿਕ ਫ਼ਰਜ਼ ਸਮਝਦੇ ਹੋਏ ਕੁਦਰਤ ਨੂੰ ਪਾਕ-ਪਵਿੱਤਰ ਰੱਖਣ ਲਈ ਯਤਨਸ਼ੀਲ ਹੋਵਾਂਗੇ। ਲਿਨ ਵਾਇਟ ਅਨੁਸਾਰ “**ਕਿਉਂਕਿ ਸਾਡੇ ਵਾਤਾਵਰਨ ਦੀ ਪਰੇਸ਼ਾਨੀ ਦੀਆਂ ਜੜ੍ਹਾਂ ਬਹੁਤ ਜ਼ਿਆਦਾ ਧਾਰਮਿਕ ਹਨ। ਇਸ ਦਾ ਉਪਾਅ ਵੀ ਲਾਜ਼ਮੀ ਤੌਰ ’ਤੇ ਧਾਰਮਿਕ ਹੋਣਾ ਚਾਹੀਦਾ ਹੈ।**” ਜੇ ਅਸੀਂ ਧਾਰਮਿਕ ਪਿਛੋਕੜ ਵਿੱਚ ਦੇਖੀਏ ਤਾਂ ਕੁਝ ਰੁੱਖ ਤੇ ਬੂਟੇ, ਧਾਰਮਿਕ ਵਿਵਹਾਰ ਕਾਰਨ ਹੀ ਬਹੁਤ ਜ਼ਿਆਦਾ ਸੁਰੱਖਿਅਤ ਰਹੇ ਹਨ; ਜਿਵੇਂ ਕਿ ਬੋਹੜ, ਪਿੱਪਲ, ਬੇਰੀ, ਸਰੀਂਹ, ਜੰਡ, ਨਿੰਮ, ਤੁਲਸੀ, ਚੰਦਨ ਆਦਿ ਨੂੰ ਧਾਰਮਿਕ ਪੂਜਾ ਸਾਧਨਾਂ, ਸਮੱਗਰੀ ਵਜੋਂ ਵਰਤਿਆ ਜਾਂਦਾ ਹੈ। ਵੁੱਡ ਅਨੁਸਾਰ “**ਜਿੱਥੋਂ ਤਕ ਆਮ ਲੋਕਾਂ ਦਾ ਸੰਬੰਧ ਹੈ ਇਹ ਧਰਮ ਹੈ, ਜੋ ਨੈਤਿਕਤਾ ਨਿਰਧਾਰਿਤ ਕਰਨ ਵਿੱਚ ਸਭ ਤੋਂ ਵੱਡਾ ਕਾਰਕ ਹੈ।**” ਉਪਰੋਕਤ ਵਿਦਵਾਨਾਂ ਵੱਲੋਂ ਦਿੱਤੇ ਗਏ ਵਿਚਾਰਾਂ ਨੂੰ ਘੋਖਿਆ ਜਾਵੇ ਤਾਂ ਧਾਰਮਿਕ ਮਜ਼ਬੂਤੀ ਕਰਕੇ ਹੀ ਵਾਤਾਵਰਨ ਸੰਭਾਲਣ ਦੀ ਨੈਤਿਕਤਾ ਨੂੰ ਸੁਰਜੀਤ ਰੱਖਿਆ ਜਾ ਸਕਦਾ ਹੈ। ਵਿਚਾਰ ਅਧੀਨ ਵਿਸ਼ੇ ਰਾਹੀਂ ਅਸੀਂ ਸਮਝ ਪਾਏ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਇੱਕ ਨੈਤਿਕ ਸੱਭਿਆਚਾਰ ਪ੍ਰਦਾਨ ਕੀਤਾ ਹੈ, ਜਿਸ ਵਿੱਚ ਖਾਣ-ਪੀਣ, ਪਹਿਨਣ, ਰਹਿਣ-ਸਹਿਣ, ਗੁਣਾਂ ਪ੍ਰਣਾਈ ਸ਼ਖ਼ਸੀਅਤ ਉਸਾਰੀ ਦਾ ਉਪਦੇਸ਼ ਦ੍ਰਿੜ੍ਹਤਾ ਨਾਲ ਦਿੱਤਾ ਹੈ। ਜਿਸ ਨੂੰ ਅਪਣਾ ਕੇ ਅਸੀਂ ਜਿਊਣਯੋਗ ਪੈਮਾਨੇ ਵਾਲਾ ਬਣਾਈ ਰੱਖ ਸਕਦੇ ਹਾਂ। ਕਿੰਨੇ ਵੀ ਨਿਯਮ ਜਾਂ ਕਾਨੂੰਨ ਬਣ ਜਾਣ ਪ੍ਰੰਤੂ ਫਿਰ ਵੀ ਜਿੰਨਾ ਚਿਰ ਅਸੀਂ ਵਾਤਾਵਰਨ ਦੀ ਸੰਭਾਲ ਲਈ ਨੈਤਿਕ ਫ਼ਰਜ਼ਾਂ ਨੂੰ ਸਹੀ ਅਰਥਾਂ ਵਿੱਚ ਨਹੀਂ ਨਿਭਾਵਾਂਗੇ ਤਦ ਤਕ ਵਾਤਾਵਰਨ ਪ੍ਰਦੂਸ਼ਣ ਰੂਪੀ ਵੱਡੇ ਸੰਕਟ ਨਾਲ ਸਹੀ ਅਰਥਾਂ ਵਿੱਚ ਨਹੀਂ



ਨਿਪਟਿਆ ਜਾ ਸਕਦਾ ਹੈ; ਜਿਵੇਂ ਕਿ ਸਮੁੱਚੀ ਵਿਚਾਰ ਵਿੱਚ ਇਹ ਗੱਲ ਬਾਰ-ਬਾਰ ਦੁਹਰਾਉਂਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਆਪਣੀ ਬਾਣੀ ਅੰਦਰ ਕੁਦਰਤ ਨਾਲ ਅਭੇਦਤਾ ਨੂੰ ਹੀ ਪ੍ਰਭੂ ਮਿਲਾਪ ਦਾ ਵਸੀਲਾ ਦੱਸਿਆ ਗਿਆ ਹੈ। ਉਸ ਦੀਆਂ ਕਿਰਤਾਂ ਨੂੰ ਪਿਆਰ ਕਰਨਾ, ਸੰਭਾਲਣਾ ਆਦਿ ਸਾਡੇ ਅਧਿਆਤਮਿਕ ਤੇ ਧਾਰਮਿਕ ਜੀਵਨ ਦਾ ਸਹੀ ਪੱਖ ਮਜ਼ਬੂਤ ਕਰਦਾ ਹੈ। ਸਾਡਾ ਆਲਾ-ਦੁਆਲਾ ਕੁਦਰਤੀ ਰੂਪ ਵਿੱਚ ਹੀ ਰਹਿ ਸਕੇ, ਇਹੀ ਸਾਡਾ ਮੁੱਢਲਾ ਫ਼ਰਜ਼ ਅਤੇ ਲੋੜ ਹੈ। ਸਾਡਾ ਇਖ਼ਲਾਕੀ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਕੁਦਰਤ ਦੇ ਹਰ ਰੂਪ ਨੂੰ ਬਚਾਉਣ ਲਈ ਆਖਰੀ ਸਾਹ ਤਕ ਫ਼ਰਜ਼ ਨਿਭਾਈਏ। ਜਿੰਨਾ ਚਿਰ ਇਹ ਜਿੰਦ ਤੇ ਪ੍ਰਾਣ ਮਿਲੇ ਹਨ, ਉੱਦਮ ਕਰਕੇ ਆਪਣਾ ਕੰਮ ਆਪ ਆਪਣੇ ਹੱਥਾਂ ਨਾਲ ਸਵਾਰਦੇ ਹੋਏ ਹੰਭਲਾ ਮਾਰੀਏ ਅਤੇ ਗੁਰੂ ਨਾਨਕ ਆਸ਼ੇ ਅਨੁਸਾਰ ਵਾਤਾਵਰਨ ਸੰਭਾਲ ਕਾਰਜਾਂ ਵਿੱਚ ਜੁੱਟ ਜਾਈਏ-

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ॥

(ਮ: ੧, ਅੰਗ ੪੭੪)





ਪਿੰਡ ਪੰਨਵਾਂ ਦੀ OWN (our wrold Need team) ਪੌਦਿਆਂ ਦੀ ਸੇਵਾ-ਸੰਭਾਲ ਕਰਦੇ ਅਤੇ ਫੁਰਸਤ ਦੇ ਪਲਾਂ ਵਿੱਚ ।



# ਸਹਾਇਕ ਪੁਸਤਕ ਸੂਚੀ


1. ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ (੨੦੦੪), ਨਿਤਨੇਮ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ।
2. ਭਗਤ ਪੂਰਨ ਸਿੰਘ, ਪਵਣੁ ਗੁਰੂ ਪਾਣੀ ਪਿਤਾ, ਪ੍ਰਕਾਸ਼ਕ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ।
3. ਡਾ: ਡੀ. ਪੀ. ਸਿੰਘ (2004), ਵਾਤਾਵਰਨੀ ਪ੍ਰਦੂਸ਼ਣ, ਸਿੰਘ ਬ੍ਰਦਰਜ਼, ਅੰਮ੍ਰਿਤਸਰ।
4. ਸੰਪਾਦਕ ਸਤਪਾਲ ਭੀਖੀ, ਅਨਿਲ ਆਦਮ (2016), ਮਾਫ਼ ਕਰੀਂ! ਪਾਣੀ ਪਿਤਾ, ਪ੍ਰਕਾਸ਼ਕ: ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ, ਅੰਮ੍ਰਿਤਸਰ।
5. ਹਰਪਾਲ ਸਿੰਘ ਪੰਨੂ (2002), ਗੁਰੂ ਨਾਨਕ ਦਾ ਕੁਦਰਤ ਸਿਧਾਂਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
6. ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ- ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਰਾਜ ਪਬਲੀਕੇਸ਼ਨ ਰਜਿ:, ਜਲੰਧਰ।
7. Translation by Dr. Manmohan Singh Advocate (1987), Hymns of Guru Nanak, Language Department Punjab.
8. Dr. Gopal Singh Puri (1995), Man: Environment Crisis and Sikh Faith, Publisher: Falcon Books, New Delhi.
9. Harbans Singh Doabia (Ex. Additional Advocate General) (1989), Sacred Nitnem, Singh Brothers, Amritsar.
10. Surjeet Kaur Chahal (2005), Ecology Redesigning Genes (Ethical and Sikh Perspectives), Singh Brothers, Amritsar.
11. Sukhbir Singh (2007), “Judicial Pronouncements: A Check on Environmental Pollution” UnPublished LL.M. Dissertation, Kurukshetra University, Kurikshetra.

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਅਤੇ ਪ੍ਰਾਪਤੀਆਂ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਕਠਿਨ ਰਾਹ 'ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ 'ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰੱਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸਾਂ ਵਿੱਚ ਭੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ:** 1792 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ :-** *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ, *ਐਂਬੂਲੈਂਸ ਅਤੇ ਟਰੌਮਾ ਵੈਨ, *ਮਸਨੂਈ ਅੰਗ ਕੇਂਦਰ, *ਫਿਜ਼ਿਓਥੇਰੈਪੀ ਸੈਂਟਰ, *ਡੈਂਟਲ ਕਲੀਨਿਕ * ਅਲਟਰਾ ਸਾਉਂਡ ਸੈਂਟਰ * ਅੱਖਾਂ ਦਾ ਕਲੀਨਿਕ, * ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,* ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, * ਮੁੜ-ਵਸੇਬਾ ਕੇਂਦਰ, * ਆਪਣਾ ਘਰ, * ਖੇਡਾਂ ਦੇ ਕਮਰੇ, * ਯੋਗ ਲੜਕੇ-ਲੜਕੀਆਂ ਦੇ ਵਿਆਹ ।

**ਜਾਗਰੂਕਤਾ:-** *ਪ੍ਰਿੰਟਿੰਗ ਪ੍ਰੈਸ, *ਲਾਇਬ੍ਰੇਰੀ, *ਕਿਤਾਬਚੇ ਅਤੇ ਇਸ਼ਤਿਹਾਰ, *ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਣ:-** *ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਮੀਂਹ ਦੇ ਪਾਣੀ ਦੀ ਸੰਭਾਲ, *ਦਰੱਖ਼ਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



## ਮੁਫ਼ਤ ਵਿੱਦਿਅਕ ਸਹੂਲਤਾਂ

*ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ,ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਕਿੱਤਾ ਸਿੱਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਬੁੱਟਰ ਕਲਾਂ, ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਚੰਡੀਗੜ੍ਹ।

## ਨਿਵਾਸ ਅਤੇ ਸੰਭਾਲ :

**ਪਿੰਗਲਵਾੜਾ ਸੰਸਥਾ ਦੀਆਂ ੭ ਅਲੱਗ-ਅਲੱਗ ਬ੍ਰਾਂਚਾਂ ਵਿਖੇ ੧੭੯੨ ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -320 | ਏਡਜ਼ ਵਾਲੇ | -21 |
| ਅਧਰੰਗ/ ਪੋਲੀਏ ਵਾਲੇ | -164 | ਮਿਰਗੀ ਵਾਲੇ | -199 |
| ਮੰਦ-ਬੁੱਧੀ ਵਾਲੇ | -475 | ਕੈਂਸਰ ਵਾਲੇ | -03 |
| ਗੂੰਗੇ ਬੋਲੇ | -193 | ਸ਼ੂਗਰ ਵਾਲੇ | -100 |
| ਬਜ਼ੁਰਗ | -123 | ਸਕੂਲ ਜਾਣ ਵਾਲੇ ਬੱਚੇ | -81 |
| ਜ਼ਖ਼ਮਾਂ ਵਾਲੇ | -19 | ਛੱਡੇ ਗਏ ਬੱਚੇ | -04 |
| ਟੀ.ਬੀ. ਵਾਲੇ | -22 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -37 | | |

**31 ਅਕਤੂਬਰ 2019 ਤਕ ਕੁੱਲ ਰੋਗੀਆਂ ਦੀ ਗਿਣਤੀ** ***1792**

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

| ਬ੍ਰਾਂਚਾਂ ਦਾ ਵੇਰਵਾ : | ਰੋਗੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 349 |
| 2. ਮਾਨਾਂਵਾਲਾ ਕੰਪਲੈਕਸ | 851 |
| 3. ਪੰਡੋਰੀ ਵੜੈਚ ਬ੍ਰਾਂਚ | 100 |
| 4. ਗੋਇੰਦਵਾਲ ਬ੍ਰਾਂਚ | 86 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 247 |
| 7. ਚੰਡੀਗੜ੍ਹ (ਪਲਸੋਰਾ) ਬ੍ਰਾਂਚ | 120 |
| **ਕੁੱਲ ਮਰੀਜ਼** | **1792** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

(ੲ) **ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੁਵਿਧਾ ਪ੍ਰਾਪਤ ਹੈ ।

**(ਸ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ । ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ। ਸੰਨ 2019 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 204 ਯੂਨਿਟ ਖ਼ੂਨ ਇਕੱਠਾ ਹੋਇਆ ।

**(ਹ) ਬਨਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਨਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਨਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 13668 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ



ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦੇ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ। ਲੋੜ ਪੈਣ 'ਤੇ ਸਪੈਸ਼ਲ ਓਪਰੇਸ਼ਨ ਥਿਏਟਰ ਵਿੱਚ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਹਰ ਤਰ੍ਹਾਂ ਦੇ ਓਪਰੇਸ਼ਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਆਧੁਨਿਕ ਓਪਰੇਸ਼ਨ ਥਿਏਟਰ ਦੀ ਸੁਵਿਧਾ ਪ੍ਰਾਪਤ ਹੈ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਮੇਨ ਬ੍ਰਾਂਚ, ਮਾਨਾਂਵਾਲਾ ਬ੍ਰਾਂਚ, ਪਲਸੋਰਾ ਬ੍ਰਾਂਚ ਅਤੇ ਸੰਗਰੂਰ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 90 ਤੋਂ 100 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ। ਇਹ ਕੇਂਦਰ ਸੰਗਰੂਰ ਅਤੇ ਪਲਸੋਰਾ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਆਮ

ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

## ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** : ਇੱਥੇ ਗ਼ਰੀਬ ਅਤੇ ਆਸ ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ ੬੫ ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ** :-

ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ।

**(ੲ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 210 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ** :-ਪਿੰਗਲਵਾੜਾ ਦੇ 210 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) RCI ਦੇ ਅਧੀਨ** :-

ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼: ਇਸ ਇੰਸਟਚਿਊਟ ਵਿੱਚ ਗੁੰਗੇ ਅਤੇ ਮੰਦ-ਬੁੱਧੀ ਬੱਚਿਆਂ ਲਈ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਸਤੇ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 69 ਬੱਚੇ ਮੁਫ਼ਤ ਵਿੱਦਿਆ ਲੈ ਰਹੇ ਹਨ ।

**(ਕ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ**:- ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ** :- ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 436 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।



**(ਗ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੋਰਾ, ਫਿਰੋਜ਼ਪੁਰ** :- ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ, ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ**:- ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ)** :- ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੁੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ**:- ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।**

**(ਝ) ਹੋਸਟਲ ਦਾ ਪ੍ਰਬੰਧ** :- ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 198 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਣ ਜਾਗਰੂਕਤਾ :-** ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ

ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

**(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)**

**(ਕ) ਸੋਲਰ ਪਾਵਰ ਊਰਜਾ**

**ਪੂਰਨ ਪ੍ਰਿੰਟਿੰਗ ਪ੍ਰੈਸ :-** ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਜਿਸ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੁਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ ਲਗਪਗ 1 ਕਰੋੜ 50 ਲੱਖ ਰੁਪਏ ਹੈ।

## ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:- ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ ਸ਼ੁਭ ਕਰਮਨ ।

(v) Pingalwara Educational Endeavours

(vi) ਕਿਰਤੀ ਅਤੇ ਸੱਭਿਆਚਾਰਕ ਮੇਲਾ ਫਿਲਮ ।

(vii) ਕੁਦਰਤੀ ਖੇਤੀ (Natural Farming)

(viii) ਪਾਣੀ ਦੀ ਸਮੱਸਿਆ

(ix) ਦਰਖ਼ਤ

**(x) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**: ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

(xi) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xii) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ

2004 ਨੂੰ ਸਮਰਪਿਤ ਹੈ।

**(xiii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ, ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

**1.** ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. ਅ 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰ. AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਨੰ. 115210002 ਹੈ।

4. ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਹੈ ਜੋ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

5. ਵਿਦੇਸ਼ਾਂ ਵਿੱਚ ਵੀ ਪਿੰਗਲਵਾੜਾ ਸੰਸਥਾ ਦੇ ਦਫ਼ਤਰ:- ਇਸ ਤੋਂ ਇਲਾਵਾ ਕੈਨੇਡਾ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਅੰਟਾਰੀਓ" ਅਤੇ ਇੰਗਲੈਂਡ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਯੂ.ਕੇ" ਪਿੰਗਲਵਾੜਾ ਦੇ ਦਫ਼ਤਰ ਸਥਾਪਿਤ ਹਨ।

ਵਾਹਿਗੁਰੂ ਜੀ ਦਾ ਖ਼ਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥

ਡਾ: ਇੰਦਰਜੀਤ ਕੌਰ

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |


**(IN UK)**
**S. GURBAKHSH SINGH**
**63 Peacock street, Gravesend, Kent, (U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Society of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**




## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ